


# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post




To view our online newspaper visit punjabipost.ca/epaper | Vol 23* Issue 183 | Monday, 07 October 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਵਾਨ ਹਾਦਸੇ ਵਿਚ ਦੋ ਪੈਦਲ ਜਾ ਰਹੇ ਵਿਅਕਤੀ ਵਾਹਨ ਦੀ ਚਪੇਟ 'ਚ ਆਉਣ ਕਾਰਨ ਜ਼ਖਮੀ, ਹਸਪਤਾਲ 'ਚ ਦਾਖਲ



ਟੋਰਾਂਟੋ, 6 ਅਕਤੂਬਰ (ਪੋਸਟ ਬਿਊਰੋ): ਵਾਨ ਵਿੱਚ ਸਵੇਰੇ ਵਾਹਨਾਂ ਦੀ ਹੋਈ ਟੱਕਰ ਵਿਚ ਦੋ ਪੈਦਲ ਜਾ ਰਹੇ ਵਿਅਕਤੀਆਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ।

ਇਹ ਘਟਨਾ ਜੇਨ ਸਟਰੀਟ ਅਤੇ ਮੇਜਰ ਮੈਕੇਂਜੀ ਡਰਾਈਵ ਕੋਲ ਸਵੇਰੇ 2 ਵਜੇ ਦੇ ਲਗਭਗ ਹੋਈ। ਪੁਲਿਸ ਦਾ ਕਹਿਣਾ ਹੈ ਕਿ ਦੁਰਘਟਨਾ ਵਿੱਚ ਦੋ ਵਾਹਨ ਸ਼ਾਮਿਲ ਸਨ, ਇਸ ਦੌਰਾਨ ਦੋ ਪੈਦਲ ਜਾ ਰਹੇ ਵਿਅਕਤੀ ਉਨ੍ਹਾਂ ਦੀ ਚਪੇਟ ਵਿਚ ਆ ਗਏ।

ਪੁਲਿਸ ਨੇ ਦੱਸਿਆ ਕਿ ਇੱਕ ਚਾਲਕ ਨੂੰ ਖ਼ਰਾਬ ਡਰਾਈਵਿੰਗ ਲਈ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਘਟਨਾ ਸਥਾਨ ਤੋਂ ਪ੍ਰਾਪਤ ਫੁਟੇਜ ਵਿੱਚ ਇੱਕ ਵਾਹਨ ਕਾਫ਼ੀ ਨੁਕਸਾਨਿਆ ਗਿਆ ਵਿਖਾਈ ਦੇ ਰਿਹਾ ਹੈ ਅਤੇ ਦੂਜਾ ਵਾਹਨ ਸੜਕ ਤੋਂ ਉਤਰ ਕੇ ਝਾੜੀਆਂ ਵਿੱਚ ਜਾ ਡਿੱਗਿਆ। ਚੁਰਾਸਤੇ 'ਤੇ ਮਲਬਾ ਵੀ ਵਿਖਾਈ ਦੇ ਰਿਹਾ ਹੈ। ਪੁਲਿਸ ਅਨੁਸਾਰ ਕਿਸੇ ਵੀ ਚਾਲਕ ਨੂੰ ਕੋਈ ਸੱਟ ਨਹੀਂ ਲੱਗੀ ਹੈ।

ਪੁਲਿਸ ਨੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਹੈ। ਉਸਦੀ ਪਹਿਚਾਣ ਬਰੈਂਡਫੋਰਡ ਨਿਵਾਸੀ 46 ਸਾਲਾ ਅਬਦੁਲ ਲੋਦਿਨ ਦੇ ਰੂਪ ਵਿੱਚ ਹੋਈ ਹੈ। ਪੁਲਿਸ ਵੱਲੋਂ ਘਟਨਾ ਸਥਾਨ 'ਤੇ ਜਾਂਚ ਕੀਤੇ ਜਾਣ ਤੱਕ ਜੇਨ ਸਟਰੀਟ ਅਤੇ ਮੇਜਰ ਮੈਕੇਂਜੀ ਡਰਾਈਵ ਦਾ ਚੁਰਾਸਤਾ ਬੰਦ ਕਰ ਦਿੱਤਾ ਹੈ।

## ਕੈਲਗਰੀ ਵਿਚ ਡੀਅਰਫੁਟ ਟ੍ਰੇਲ 'ਤੇ ਭਿਆਨਕ ਹਾਦਸੇ ਕਾਰਨ ਆਵਾਜਾਈ ਪ੍ਰਭਾਵਿਤ, ਲੱਗਾ ਜਾਮ



ਕੈਲਗਰੀ, 6 ਅਕਤੂਬਰ (ਪੋਸਟ ਬਿਊਰੋ): 17 ਏਵੇਨਿਊ ਸਾਊਥਈਸਟ ਕੋਲ ਉੱਤਰ ਵੱਲ ਜਾਣ ਵਾਲੇ ਡੀਅਰਫੁਟ ਟ੍ਰੇਲ 'ਤੇ ਕਈ ਵਾਹਨਾਂ ਦੀ ਟੱਕਰ ਦੇ ਚਲਦੇ ਐਮਰਜੈਂਸੀ ਦਲ ਘਟਨਾ ਸਥਾਨ 'ਤੇ ਪਹੁੰਚ ਗਏ ਹਨ।

ਐਕਸ 'ਤੇ ਇੱਕ ਪੋਸਟ 'ਚ ਟਰਾਂਸਪੋਰਟੇਸ਼ਨ ਅਨੁਸਾਰ ਟੱਕਰ ਕਾਰਨ ਸੱਜੀ ਲੇਨ ਜਾਮ ਹੋ ਗਈ ਹੈ। ਇੱਕ ਕਾਰ ਖਾਈ ਵਿੱਚ ਉਲਟੀ ਡਿੱਗ ਗਈ ਹੈ ਅਤੇ ਦੂਜੀ ਕਾਰ ਖੰਭੇ ਨਾਲ ਟਕਰਾਈ ਹੋਈ ਵਿਖਾਈ ਦੇ ਰਹੀ ਹੈ, ਇਸਤੋਂ ਇਲਾਵਾ ਘਟਨਾ ਸਥਾਨ 'ਤੇ ਕਈ ਐਮਰਜੈਂਸੀ ਵਾਹਨ ਵੀ ਮੌਜੂਦ ਹਨ।

ਸ਼ਾਮ 7:06 ਵਜੇ ਕੈਲਗਰੀ ਪੁਲਿਸ ਨੇ ਟਵੀਟ ਕੀਤਾ ਕਿ ਉੱਤਰ ਵੱਲ ਜਾਣ ਵਾਲੇ ਡੀਅਰਫੁਟ ਟ੍ਰੇਲ ਨੂੰ ਪੇਈਗਨ ਟ੍ਰੇਲ ਐੱਸ.ਈ. ਤੋਂ 17 ਏਵੇਨਿਊ ਐੱਸ. ਈ. ਤੱਕ ਬੰਦ ਕਰ ਦਿੱਤਾ ਗਿਆ ਹੈ।

ਘਟਨਾ ਸਥਾਨ ਤੋਂ ਉੱਤਰ ਵੱਲ ਜਾਣ ਵਾਲੇ ਵਾਹਨਾਂ ਦੀਆਂ ਲੰਬੀਆਂ ਲਾਈਨਾਂ ਲੱਗੀਆਂ ਹੋਈਆਂ ਹਨ, ਇਸ ਲਈ ਜੇਕਰ ਸੰਭਵ ਹੋਵੇ ਤਾਂ ਡਰਾਈਵਰ ਉਸ ਇਲਾਕੇ ਵੱਲ ਜਾਣ ਤੋਂ ਬਚਣ।

## ਸਟੋਰ ਵਿੱਚੋਂ ਸ਼ਰਾਬ ਦੀਆਂ ਤਿੰਨ ਬੋਤਲਾਂ ਚੋਰੀ ਕਰਨ ਦੇ ਦੋਸ਼ ਵਿੱਚ ਪੁਲਿਸ ਕਾਂਸਟੇਬਲ ਗ੍ਰਿਫ਼ਤਾਰ

ਟੋਰਾਂਟੋ, 6 ਅਕਤੂਬਰ (ਪੋਸਟ ਬਿਊਰੋ): ਟੋਰਾਂਟੋ ਦੇ ਇੱਕ ਪੁਲਿਸ ਅਧਿਕਾਰੀ ਨੂੰ ਸਟੋਰ ਵਿੱਚੋਂ ਸ਼ਰਾਬ ਦੀਆਂ ਤਿੰਨ ਬੋਤਲਾਂ ਚੋਰੀ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਟੋਰਾਂਟੋ ਪੁਲਿਸ ਅਨੁਸਾਰ ਉਸਦੇ ਇੱਕ 39 ਸਾਲਾ ਕਾਂਸਟੇਬਲ ਡੈਨੀਅਲ ਲੇਕਲਰਕ 4 ਅਕਤੂਬਰ ਨੂੰ ਦੁਪਹਿਰ 3:25 ਵਜੇ ਇੱਕ ਸਟੋਰ ਵਿਚ ਗਿਆ ਕੀਤਾ। ਉੱਥੇ ਉਸ ਨੇ ਸ਼ਰਾਬ ਦੀਆਂ ਤਿੰਨ ਬੋਤਲਾਂ ਲਈਆਂ ਅਤੇ ਭੁਗਤਾਨ ਕੀਤੇ ਬਿਨ੍ਹਾਂ ਬਾਹਰ ਨਿਕਲ ਗਿਆ।

ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਉਸੇ ਦਿਨ ਲੇਕਲਰਕ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ 'ਤੇ 5 ਹਜ਼ਾਰ ਡਾਲਰ ਤੋਂ ਘੱਟ ਦੀ ਚੋਰੀ ਦਾ ਚਾਰਜਿਜ਼ ਲਗਾਇਆ ਗਿਆ। ਕਾਂਸਟੇਬਲ ਲੇਕਲਰਕ ਨੂੰ 55



ਡਿਵੀਜ਼ਨ ਵਿੱਚ ਨਿਯੁਕਤ ਕੀਤਾ ਗਿਆ ਸੀ, ਉਹ 18 ਸਾਲ ਤੋਂ ਸੇਵਾ ਵਿਚ ਹੈ ਅਤੇ ਓਂਟਾਰੀਓ ਦੇ ਕਮਿਊਨਿਟੀ ਸੇਫਟੀ ਅਤੇ ਪੁਲਿਸ ਐਕਟ ਦੀਆਂ ਜ਼ਰੂਰਤਾਂ ਅਨੁਸਾਰ ਤਨਖਾਹ ਸਮੇਤ ਮੁਅੱਤਲ ਹੈ।

ਲੇਕਲਰਕ ਨੂੰ ਵੀਰਵਾਰ 14 ਨਵੰਬਰ ਨੂੰ ਦੁਪਹਿਰ 2 ਵਜੇ ਓਂਟਾਰੀਓ ਕੋਰਟ ਆਫ ਜਸਟਿਸ ਵਿੱਚ ਪੇਸ਼ ਕੀਤਾ ਜਾਣਾ ਹੈ।

## ਪਲਮਰਜ਼ ਰੋਡ ਨੇੜੇ ਵਾਹਨ ਪਲਟਣ ਕਾਰਨ ਇੱਕ ਵਿਅਕਤੀ ਦੀ ਮੌਤ



ਕੈਲਗਰੀ, 6 ਅਕਤੂਬਰ (ਪੋਸਟ ਬਿਊਰੋ): ਪਲਮਰਜ਼ ਰੋਡ ਅਤੇ ਪ੍ਰਿੰਡਿਸ ਵੈਲੀ ਰੋਡ ਦੇ ਇਲਾਕੇ ਵਿੱਚ ਸ਼ਨੀਵਾਰ ਸਵੇਰੇ ਵਾਹਨ ਪਲਟਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਇੱਕ ਬੁਲਾਰੇ ਨੇ ਪੁਸ਼ਟੀ ਕੀਤੀ ਕਿ ਈਐੱਮਐੱਸ ਨੇ ਸਵੇਰੇ 8:30 ਵਜੇ ਦੇ ਆਸਪਾਸ ਇੱਕ ਵੱਡੇ ਕਰਮਰਸ਼ੀਅਲ ਵਾਹਨ ਨਾਲ ਜੁੜੀ ਇੱਕ ਵਾਹਨ ਟੱਕਰ ਦੀ ਰਿਪੋਰਟ 'ਤੇ ਕਰਵਾਈ ਕੀਤੀ। ਚਾਲਕ ਨੂੰ ਘਟਨਾ ਸਥਾਨ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਟਰਨਰ ਵੈਲੀ ਆਰ.ਸੀ.ਐੱਮ.ਪੀ. ਵੱਲੋਂ ਵਾਹਨ ਪਲਟਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।


















## ਅੱਜ ਨਾਮਾ

ਲੜਨੀ ਚੋਣ, ਪਰ ਚੋਣ ਨਾ ਕਿਤੇ ਦਿੱਸਦੀ,
ਪੱਲੇ ਰਹਿ ਗਿਆ ਸਿਰਫ ਹੈ ਲੜਨ ਬੇਲੀ।
ਛਿੱਤਰ-ਪੌਲਾ ਵੀ ਹੋਇਆ ਹੈ ਕਈ ਥਾਂਈਂ,
ਡਾਂਗ-ਸੋਟਾ ਕਈ ਲੱਗੇ ਫਿਰ ਜੜਨ ਬੇਲੀ।
ਸਾਊ ਲੋਕ ਤਾਂ ਨਿਕਲ ਗਏ ਸੁੱਟ ਕਾਗਜ਼,
ਔਖਾ ਦਿੱਸ ਪਿਆ ਜਿੱਥੇ ਸੀ ਖੜਨ ਬੇਲੀ।
ਡੁਰਲੀ-ਜਥਾ ਸੀ ਰੱਖਿਆ ਪਾਲ ਜੀਹਨਾਂ,
ਆਪੋ ਵਿੱਚ ਲੱਗੇ ਈ ਸੰਘੋਂ ਫੜ੍ਹਨ ਬੇਲੀ।
ਜੀਹਦੇ ਪਿੱਛੇ ਕੋਈ ਧਾੜ ਹੈ ਖੜੀ ਡਾਢੀ,
ਵਾਹਣੀਂ ਹੋਰਨਾਂ ਨੂੰ ਉਹੋ ਪਾਈ ਫਿਰਦਾ।
ਵਰ੍ਹਦੀ ਡਾਂਗ, ਨਹੀਂ ਲੱਭਦਾ ਲੋਕਤੰਤਰ,
ਭੈੜਾ ਸਿਰੀ ਆ ਕਿਤੇ ਲੁਕਾਈ ਫਿਰਦਾ।

**ਤੀਸ ਮਾਰ ਖਾਂ**

# ਪਾਕਿਸਤਾਨ ਦੌਰੇ ’ਤੇ ਜੈਸ਼ੰਕਰ ਦਾ ਬਿਆਨ: ਰਿਸ਼ਤਿਆਂ ਨੂੰ ਸੁਧਾਰਣ ਨਹੀਂ ਜਾ ਰਿਹਾ, ਇਹ ਸਿਰਫ਼ ਐੱਸਸੀਓ ਲਈ ਦੌਰਾ

ਨਵੀਂ ਦਿੱਲੀ, 6 ਅਕਤੂਬਰ (ਪੋਸਟ ਬਿਊਰੋ): ਸ਼ੰਘਾਈ ਕੋ-ਆਪਰੇਸ਼ਨ ਆਰਗੇਨਾਈਜੇਸ਼ਨ (ਐੱਸ.ਸੀ.ਓ.) ਦੀ ਬੈਠਕ ਲਈ ਪਾਕਿਸਤਾਨ ਜਾ ਰਹੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਸ਼ਨੀਵਾਰ ਨੂੰ ਕਿਹਾ ਕਿ ਉਹ ਗੁਆਂਢੀ ਦੇਸ਼ ਨਾਲ ਕਿਸੇ ਤਰ੍ਹਾਂ ਦੀ ਗੱਲਬਾਤ ਕਰਨ ਲਈ ਉੱਥੇ ਨਹੀਂ ਜਾ ਰਹੇ ਹਨ।



ਜ਼ਿਕਰਯੋਗ ਹੈ ਕਿ ਵਿਦੇਸ਼ ਮੰਤਰੀ ਜੈਸ਼ੰਕਰ 15-16 ਅਕਤੂਬਰ ਨੂੰ ਪਾਕਿਸਤਾਨ ਦਾ ਦੌਰਾ ਕਰਨਗੇ। ਉਹ ਇਸਲਾਮਾਬਾਦ ਵਿੱਚ ਐੱਸ.ਸੀ.ਓ. ਹੈੱਡ ਆਫ਼ ਗਵਰਨਮੈਂਟ (ਸੀਐੱਚਜੀ) ਦੀ ਮੀਟਿੰਗ ਵਿੱਚ ਸ਼ਾਮਿਲ ਹੋਣਗੇ।


ਦਿੱਲੀ ਵਿੱਚ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਜੈਸ਼ੰਕਰ ਨੇ ਕਿਹਾ ਕਿ ਉਨ੍ਹਾਂ ਦੇ ਪਾਕਿਸਤਾਨ ਜਾਣ ਦਾ ਇੱਕੋ ਇੱਕ ਕਾਰਨ ਐੱਸਸੀਓ ਮੀਟਿੰਗ ਹੈ। ਇਹ ਇੱਕ ਬਹੁਪੱਖੀ ਘਟਨਾ ਹੈ। ਉਹ ਉੱਥੇ ਭਾਰਤ-ਪਾਕਿਸਤਾਨ ਸਬੰਧਾਂ 'ਤੇ ਚਰਚਾ ਨਹੀਂ ਕਰਨਗੇ।

ਵਿਦੇਸ਼ ਮੰਤਰੀ ਨੇ ਕਿਹਾ ਕਿ ਐੱਸਸੀਓ ਦਾ ਚੰਗਾ ਮੈਂਬਰ ਹੋਣ ਦੇ ਨਾਤੇ, ਮੈਂ ਪਾਕਿਸਤਾਨ ਵਿੱਚ ਮੀਟਿੰਗ ਵਿੱਚ ਸ਼ਾਮਿਲ ਹੋਣ ਜਾ ਰਿਹਾ ਹਾਂ। ਮੈਂ ਇੱਕ ਸੱਭਿਅਕ ਆਦਮੀ ਹਾਂ, ਇਸ ਲਈ ਜਦੋਂ ਮੈਂ ਉੱਥੇ ਜਾਵਾਂਗਾ ਤਾਂ ਮੈਂ ਚੰਗਾ ਵਿਵਹਾਰ ਕਰਾਂਗਾ। ਇਸ ਤੋਂ ਇਲਾਵਾ ਜੈਸ਼ੰਕਰ ਨੇ ਸਾਰਕ ਦੇ ਸਰਗਰਮ ਨਾ ਹੋਣ ਲਈ ਪਾਕਿਸਤਾਨ ਨੂੰ ਵੀ ਜ਼ਿੰਮੇਵਾਰ ਠਹਿਰਾਇਆ।

ਉਨ੍ਹਾਂ ਕਿਹਾ ਕਿ ਸਾਰਕ ਫਿਲਹਾਲ ਅੱਗੇ ਨਹੀਂ ਵਧ ਰਿਹਾ ਹੈ। ਅਸੀਂ ਸਾਲਾਂ ਤੋਂ ਇਸ ਦੀ ਕੋਈ ਮੀਟਿੰਗ ਨਹੀਂ ਕੀਤੀ ਹੈ। ਇਸ ਦਾ ਸਿਰਫ਼ ਇੱਕ ਹੀ ਕਾਰਨ ਹੈ ਅਤੇ ਉਹ ਇਹ ਹੈ ਕਿ ਸੰਗਠਨ ਦਾ ਇੱਕ ਮੈਂਬਰ ਦੂਜੇ 'ਤੇ ਅੱਤਵਾਦੀ ਹਮਲੇ ਕਰ ਰਿਹਾ ਹੈ। ਅੱਤਵਾਦ ਅਜਿਹਾ ਮੁੱਦਾ ਹੈ ਜਿਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਹੈ, ਜੇਕਰ ਇਹ ਜਾਰੀ ਰਿਹਾ ਤਾਂ ਅਸੀਂ ਸਾਰਕ ਨੂੰ ਅੱਗੇ ਨਹੀਂ ਵਧਾ ਸਕਦੇ।

# ਇਮਰਾਨ ਖਾਨ ਦੀ ਪਾਰਟੀ ਨੇ ਕਿਹਾ: ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਨੂੰ ਉਨ੍ਹਾਂ ਦੇ ਵਿਰੋਧ ਪ੍ਰਦਰਸ਼ਨਾਂ ਵਿੱਚ ਸੱਦਾ ਦੇਵੇਗੀ

ਇਸਲਾਮਾਬਾਦ, 6 ਅਕਤੂਬਰ (ਪੋਸਟ ਬਿਊਰੋ): ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਨੇ ਕਿਹਾ ਹੈ ਕਿ ਉਹ ਭਾਰਤੀ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੂੰ ਆਪਣੇ ਵਿਰੋਧ ਪ੍ਰਦਰਸ਼ਨ ਲਈ ਸੱਦਾ ਦੇਣਗੇ। ਜਾਣਕਾਰੀ ਮੁਤਾਬਕ ਪੀ.ਟੀ.ਆਈ. ਦੇ ਸੂਚਨਾ ਸਲਾਹਕਾਰ ਬੈਰਿਸਟਰ ਅਲੀ ਸੈਫ ਨੇ ਇਹ ਜਾਣਕਾਰੀ ਦਿੱਤੀ।



ਸੈਫ ਨੇ ਕਿਹਾ ਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਦਾਅਵਾ ਕਰਦਾ ਹੈ। ਪਾਕਿਸਤਾਨ ਸਰਕਾਰ ਉਨ੍ਹਾਂ ਨੂੰ ਦਿਖਾ ਰਹੀ ਹੈ ਕਿ ਇੱਥੇ ਵਿਰੋਧ ਪ੍ਰਦਰਸ਼ਨ ਦੀ ਕੋਈ ਥਾਂ ਨਹੀਂ ਹੈ। ਉਨ੍ਹਾਂ ਨੇ ਇਸਲਾਮਾਬਾਦ ਦੇ ਬਾਹਰ 10 ਹਜ਼ਾਰ ਕੰਟੇਨਰ ਖੜ੍ਹੇ ਕੀਤੇ ਹਨ।

ਪੀਟੀਆਈ ਨੇਤਾ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਜੈਸ਼ੰਕਰ ਸਾਡੀ ਰੈਲੀ ਨੂੰ ਸੰਬੋਧਿਤ ਕਰਨ, ਤਾਂ ਜੋ ਭਾਰਤ ਜਾਣ ਸਕੇ ਕਿ ਪਾਕਿਸਤਾਨ ਵੀ ਇੱਕ ਮਜ਼ਬੂਤ ਲੋਕਤੰਤਰੀ ਦੇਸ਼ ਹੈ। ਇੱਥੋਂ ਦੇ ਲੋਕ ਯਕੀਨੀ ਤੌਰ 'ਤੇ ਲੋੜ ਪੈਣ 'ਤੇ ਵਿਰੋਧ ਪ੍ਰਦਰਸ਼ਨ ਕਰਨ ਦੇ ਆਪਣੇ ਅਧਿਕਾਰ ਦੀ ਵਰਤੋਂ ਕਰਦੇ ਹਨ।

ਪਾਕਿਸਤਾਨ 'ਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਅਪੀਲ 'ਤੇ ਅਹਿਰੀਕ-ਏ-ਇਨਸਾਫ ਪਾਰਟੀ ਦੇ ਵਰਕਰ ਪ੍ਰਦਰਸ਼ਨ ਕਰ ਰਹੇ ਹਨ। ਇਹ ਵਰਕਰ ਇਮਰਾਨ ਖਾਨ ਦੀ ਰਿਹਾਈ ਦੀ ਮੰਗ ਕਰ ਰਹੇ ਹਨ। ਸ਼ਨੀਵਾਰ ਨੂੰ ਸੈਂਕੜੇ ਵਰਕਰ ਪ੍ਰਦਰਸ਼ਨ ਕਰਨ ਲਈ ਡੀ ਚੌਕ ਵੱਲ ਵਧ ਰਹੇ ਸਨ, ਉਨ੍ਹਾਂ ਨੂੰ ਰੋਕਣ ਲਈ ਪੁਲਸ ਨੇ ਅੱਥਰੂ ਗੈਸ ਦੇ ਗੋਲੇ ਛੱਡੇ। ਇਸ ਦੌਰਾਨ ਪੀਟੀਆਈ ਵਰਕਰਾਂ ਨੇ ਪੁਲਿਸ 'ਤੇ ਪਥਰਾਅ ਵੀ ਕੀਤਾ।

ਪੁਲਿਸ ਨੇ ਰਾਜਧਾਨੀ ਇਸਲਾਮਾ-ਬਾਦ ਵਿੱਚ ਮੋਬਾਈਲ ਸੇਵਾ ਅਤੇ ਇੰਟਰਨੈਟ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸਲਾਮਾਬਾਦ ਅਤੇ ਲਾਹੌਰ ਸਮੇਤ ਕਈ ਸ਼ਹਿਰਾਂ 'ਚ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਫੌਜ ਬੁਲਾਈ ਗਈ ਹੈ।

# ਦੱਖਣ-ਪੂਰਵੀ ਕੈਲਗਰੀ ਵਿੱਚ ਸ਼ੁੱਕਰਵਾਰ ਰਾਤ ਨੂੰ ਹੋਈ ਭਿਆਨਕ ਟੱਕਰ ਦੀ ਜਾਂਚ ਜਾਰੀ

ਕੈਲਗਰੀ, 6 ਅਕਤੂਬਰ (ਪੋਸਟ ਬਿਊਰੋ): ਦੱਖਣੀ-ਪੂਰਵੀ ਕੈਲਗਰੀ ਵਿੱਚ ਸ਼ੁੱਕਰਵਾਰ ਰਾਤ ਹੋਈ ਟੱਕਰ ਦੀ ਜਾਂਚ ਕੀਤੀ ਜਾ ਰਹੀ ਹੈ ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ। ਰਾਤ ਕਰੀਬ 8:15 ਵਜੇ 50 ਏਵੇਨਿਊ ਐੱਸ. ਈ. ਅਤੇ 22 ਸਟਰੀਟ ਐੱਸ. ਈ. ਦੇ ਚੁਰਾਸਤੇ ’ਤੇ ਟੱਕਰ ਹੋਈ।



38 ਸਾਲਾ ਵਿਅਕਤੀ ਵੱਲੋਂ ਸੰਚਾਲਿਤ ਇੱਕ ਕਾਲੇ ਰੰਗ ਦੀ ਜੀਐੱਮਸੀ ਸਿਏਰਾ, 50 ਏਵੇਨਿਊ ਐੱਸ. ਈ. ’ਤੇ ਸੱਜੀ ਲੇਨ ਵਿੱਚ ਪੂਰਵ ਵੱਲ ਜਾ ਰਹੀ ਸੀ, ਜਦੋਂ ਉਸਨੇ 22 ਸਟਰੀਟ ਐੱਸ. ਈ. ’ਤੇ ਸੜਕ ਪਾਰ ਕਰ ਰਹੀ 57 ਸਾਲਾ ਔਰਤ ਨੂੰ ਟੱਕਰ ਮਾਰ ਦਿੱਤੀ।

ਔਰਤ ਨੂੰ ਗੰਭੀਰ ਜ਼ਖਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਅਤੇ ਬਾਅਦ ਵਿੱਚ ਸੱਟਾਂ ਕਾਰਨ ਉਸਦੀ ਮੌਤ ਹੋ ਗਈ। ਜੀਐੱਮਸੀ ਦਾ ਡਰਾਇਵਰ ਘਟਨਾ ਸਥਾਨ ’ਤੇ ਹੀ ਰਿਹਾ। ਉਸਨੂੰ ਕੋਈ ਸੱਟ ਨਹੀਂ ਲੱਗੀ।

# ਟਰੰਪ ’ਤੇ ਜਿੱਥੇ ਹੋਇਆ ਸੀ ਹਮਲਾ, ਫਿਰ ਉਸੇ ਥਾਂ ’ਤੇ ਦਿੱਤਾ ਭਾਸ਼ਣ, ਮਸਕ ਨੇ ਵੀ ਲਿਆ ਹਿੱਸਾ

ਵਾਸ਼ਿੰਗਟਨ, 6 ਅਕਤੂਬਰ (ਪੋਸਟ ਬਿਊਰੋ): ਇੱਕ ਮਹੀਨੇ ਬਾਅਦ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਸ਼ਨੀਵਾਰ ਨੂੰ ਡੋਨ-ਾਲਡ ਟਰੰਪ ਇਕ ਵਾਰ ਫਿਰ ਰੈਲੀ ਲਈ ਪੈਨਸਿਲਵੇਨੀਆ ਦੇ ਬਟਲਰ ਪਹੁੰਚੇ। ਇਹ ਉਹੀ ਥਾਂ ਹੈ ਜਿੱਥੇ 13 ਜੁਲਾਈ ਨੂੰ ਸਾਬਕਾ ਅਮਰੀਕੀ ਰਾਸ਼ਟਰਪਤੀ 'ਤੇ ਜਾਨਲੇਵਾ ਹਮਲਾ ਹੋਇਆ ਸੀ। ਸ਼ਨੀਵਾਰ ਦੀ ਰੈਲੀ 'ਚ ਟਰੰਪ ਦੇ ਨਾਲ ਟੇਸਲਾ ਦੇ ਮਾਲਕ ਐਲਨ ਮਸਕ ਵੀ ਮੌਜੂਦ ਸਨ।




ਬੁਲੇਟਪਰੂਫ ਸਕ੍ਰੀਨ ਦੇ ਪਿੱਛੇ ਖੜ੍ਹੇ ਹੋ ਕੇ, ਟਰੰਪ ਨੇ ਆਪਣਾ ਭਾਸ਼ਣ ਸ਼ੁਰੂ ਕੀਤਾ ਜਿੱਥੇ ਉਨ੍ਹਾਂ ਨੇ 13 ਜੁਲਾਈ ਦੇ ਹਮਲੇ ਤੋਂ ਬਾਅਦ ਛੱਡ ਦਿੱਤਾ ਸੀ। ਟਰੰਪ ਨੇ ਕਿਹਾ ਕਿ ਅੱਜ ਤੋਂ ਠੀਕ 12 ਹਫ਼ਤੇ ਪਹਿਲਾਂ, ਇਸੇ ਜ਼ਮੀਨ 'ਤੇ ਇੱਕ ਕਾਤਲ ਨੇ ਮੈਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ। ਉਸ ਦਿਨ ਸਮਾਂ 15 ਸੈਕਿੰਡ ਲਈ ਰੁਕ ਗਿਆ। ਪਰ ਉਹ ਖਲਨਾਇਕ ਆਪਣੇ ਉਦੇਸ਼ ਵਿੱਚ ਕਾਮਯਾਬ ਨਹੀਂ ਹੋਇਆ।

ਰੈਲੀ ਵਿੱਚ ਸ਼ਾਮਿਲ ਹੋਏ ਐਲਨ ਮਸਕ ਨੇ ਵੀ 20 ਹਜ਼ਾਰ ਟਰੰਪ ਸਮਰਥਕਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ ਲੋਕਤੰਤਰ ਅਤੇ ਸੰਵਿਧਾਨ ਦੀ ਰੱਖਿਆ ਲਈ ਟਰੰਪ ਦੀ ਜਿੱਤ ਜ਼ਰੂਰੀ ਹੈ। ਜੇਕਰ ਟਰੰਪ ਨਹੀਂ ਜਿੱਤਦੇ ਤਾਂ ਇਹ ਦੇਸ਼ ਵਿੱਚ ਆਖਰੀ ਚੋਣ ਹੋਵੇਗੀ।

ਭਾਸ਼ਣ ਦੌਰਾਨ, ਮਸਕ ਨੇ ਰਾਸ਼ਟਰਪਤੀ ਬਾਇਡਨ 'ਤੇ ਵੀ ਟਿੱਪਣੀ ਕੀਤੀ। ਉਨ੍ਹਾਂ ਕਿਹਾ ਕਿ ਇਕ ਪਾਸੇ ਸਾਡੇ ਕੋਲ ਅਜਿਹੇ ਰਾਸ਼ਟਰਪਤੀ ਹਨ ਜੋ ਪੌੜੀਆਂ ਵੀ ਠੀਕ ਤਰ੍ਹਾਂ ਨਹੀਂ ਚੜ੍ਹ ਸਕਦੇ। ਦੂਜੇ ਪਾਸੇ ਇੱਕ ਅਜਿਹੇ ਵਿਅਕਤੀ (ਟਰੰਪ) ਹਨ ਜੋ ਗੋਲੀ ਲੱਗਣ ਤੋਂ ਬਾਅਦ ਵੀ ਹਵਾ ਵਿੱਚ ਹੱਥ ਚੁੱਕ ਕੇ ਕਿਸੇ ਵੀ ਕੀਮਤ 'ਤੇ ਲੜਨ ਦਾ ਸੰਦੇਸ਼ ਦਿੰਦੇ ਹਨ।

ਮਸਕ ਨੇ ਕਿਹਾ ਕਿ ਜੇਕਰ ਡੈਮੋਕ੍ਰੇਟਿਕ ਪਾਰਟੀ ਇਸ ਵਾਰ ਜਿੱਤ ਜਾਂਦੀ ਹੈ ਤਾਂ ਉਹ ਦੇਸ਼ 'ਚ ਸਵਿੰਗ ਰਾਜਾਂ ਨੂੰ ਖਤਮ ਕਰ ਦੇਵੇਗੀ। ਫਿਰ ਅਮਰੀਕਾ ਵਿਚ ਇਕ ਹੀ ਪਾਰਟੀ ਰਹਿ ਜਾਵੇਗੀ। ਮਸਕ ਤੋਂ ਇਲਾਵਾ ਟਰੰਪ ਦੇ ਉਪ-ਰਾਸ਼ਟਰਪਤੀ ਉਮੀਦਵਾਰ ਜੇਡੀ ਵੈਨਸ ਨੇ ਵੀ ਰੈਲੀ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਟਰੰਪ ਨੇ ਲੋਕਤੰਤਰ ਦੀ ਰੱਖਿਆ ਲਈ ਗੋਲੀ ਖਾਧੀ ਹੈ।

# ਕਿਚਨਰ ’ਚ ਬੱਚਿਆਂ ’ਤੇ ਇੱਕ ਵਿਅਕਤੀ ਨੇ ਕੀਤੀਆਂ ਨਸਲੀ ਟਿੱਪਣੀਆਂ



ਕਿਚਨਰ, 6 ਅਕਤੂਬਰ (ਪੋਸਟ ਬਿਊਰੋ): ਵੀਰਵਾਰ ਨੂੰ ਦੁਪਹਿਰ 12:45 ਵਜੇ ਇੱਕ ਅਣਪਛਾਤੇ ਵਿਅਕਤੀ ਨੂੰ ਸਟਰੇਂਜ ਸਟਰੀਟ ’ਤੇ ਇੱਕ ਸਕੂਲ ਦੇ ਬਾਹਰ ਖੇਡ ਰਹੇ ਬੱਚਿਆਂ ਵਿਚਕਾਰ ਤੋਂ ਸੜਕ ਪਾਰ ਕਰਦੇ ਹੋਏ ਵੇਖਿਆ ਗਿਆ।

WRPS ਨੇ ਕਿਹਾ ਹੈ ਕਿ ਵਿਅਕਤੀ ਨੇ ਬੱਚਿਆਂ ਦੇ ਗੁਰੱਪ ’ਤੇ ਨਸਲੀ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਸਟਰੇਂਜ ਸਟਰੀਟ ਤੋਂ ਵੇਵਰਲੀ ਰੋਡ ਵੱਲ ਚੱਲਦਾ ਰਿਹਾ। ਕਿਸੇ ਨੂੰ ਕੋਈ ਸਰੀਰਕ ਨੁਕਸਾਨ ਨਹੀਂ ਪਹੁੰਚਿਆ।

ਸ਼ੱਕੀ ਨੂੰ ਇੱਕ ਪਤਲਾ ਸਫੇਦ ਵਿਅਕਤੀ ਦੱਸਿਆ ਗਿਆ ਹੈ। ਉਸ ਨੇ ਆਪਣੇ ਸਿਰ ਉੱਤੇ ਹੁੱਡ ਦੇ ਨਾਲ ਇੱਕ ਕਾਲੀ ਹੁੱਡੀ ਪਹਿਨੀ ਹੋਈ ਸੀ, ਇੱਕ ਕਾਲੇ ਰੰਗ ਦਾ ਬਾਲਾਕਲਾਵਾ ਉਸ ਦੇ ਨੱਕ ਅਤੇ ਮੂੰਹ ’ਤੇ ਸੀ ਅਤੇ ਕਾਲੀ ਪੈਂਟ ਪਹਿਨੀ ਹੋਈ ਸੀ। ਪੁਲਿਸ ਵੱਲੋਂ ਜਾਂਚ ਜਾਰੀ ਹੈ। ਪੁਲਿਸ ਨੇ ਕਿਚਨਰ ਵਿਚ ਰਹਿਣ ਵਾਲੇ ਲੋਕਾਂ ਤੋਂ ਇਸ ਘਟਨਾ ਵਿੱਚ ਮਦਦ ਕਰਨ ਲਈ ਕਿਹਾ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9



# ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਕਿਹਾ: ਅਸੀਂ ਈਰਾਨ ’ਤੇ ਜ਼ਰੂਰ ਹਮਲਾ ਕਰਾਂਗੇ, ਵੀਡੀਓ ਸੰਦੇਸ਼ ਕੀਤਾ ਜਾਰੀ

ਯੇਰੂਸ਼ਲਮ, 6 ਅਕਤੂਬਰ (ਪੋਸਟ ਬਿਊਰੋ): ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਜ਼ਰਾਈਲ-ਹਮਾਸ ਯੁੱਧ ਦੇ ਇੱਕ ਸਾਲ ਪੂਰਾ ਹੋਣ ਤੋਂ ਪਹਿਲਾਂ ਇੱਕ ਵੀਡੀਓ ਸੰਦੇਸ਼ ਜਾਰੀ ਕੀਤਾ। ਇਸ 'ਚ ਉਨ੍ਹਾਂ ਕਿਹਾ ਕਿ ਸਾਡਾ ਦੇਸ਼ 7 ਮੋਰਚਿਆਂ 'ਤੇ ਜੰਗ ਲੜ ਰਿਹਾ ਹੈ। ਨੇਤਨਯਾਹੂ ਨੇ ਕਿਹਾ ਕਿ ਅਸੀਂ ਹਮਾਸ, ਈਰਾਨ, ਹਿਜ਼ਬੁੱਲਾ, ਵੈਸਟ ਬੈਂਕ ਦੇ ਅੱਤਵਾਦੀਆਂ, ਯਮਨ ਦੇ ਹਾਊਤੀ ਅਤੇ ਇਰਾਕ-ਸੀਰੀਆ ਸ਼ੀਆ ਅੱਤਵਾਦੀਆਂ ਦੇ ਹਮਲਿਆਂ ਤੋਂ ਆਪਣੇ ਦੇਸ਼ ਦੀ ਰੱਖਿਆ ਕਰ ਰਹੇ ਹਾਂ।



ਇਜ਼ਰਾਈਲ ਦੇ ਸਵੈ-ਰੱਖਿਆ ਦੇ ਅਧਿਕਾਰ ਨੂੰ ਦੁਹਰਾਉਂਦੇ ਹੋਏ ਨੇਤਨਯਾਹੂ ਨੇ ਕਿਹਾ ਕਿ ਉਹ ਯਕੀਨੀ ਤੌਰ 'ਤੇ ਈਰਾਨ ਦੁਆਰਾ ਬੈਲਿਸਟਿਕ ਮਿਜ਼ਾਈਲ ਹਮਲੇ ਦਾ ਬਦਲਾ ਲੈਣਗੇ। ਇਜ਼ਰਾਈਲ ਯਕੀਨੀ ਤੌਰ 'ਤੇ ਈਰਾਨ 'ਤੇ ਹਮਲਾ ਕਰੇਗਾ।

ਇਸ ਦੇ ਨਾਲ ਹੀ ਇਜ਼ਰਾਈਲ ਦੇ ਰੱਖਿਆ ਮੰਤਰੀ ਯੋਵ ਗਲੈਂਟ ਨੇ ਕਿਹਾ ਹੈ ਕਿ ਈਰਾਨੀ ਹਮਲੇ ਵਿੱਚ ਉਨ੍ਹਾਂ ਦੇ ਏਅਰਬੇਸ ਨੂੰ ਵੀ ਨੁਕਸਾਨ ਨਹੀਂ ਪਹੁੰਚਿਆ ਹੈ। ਗੈਲੈਂਟ ਨੇ ਐਤਵਾਰ ਨੂੰ ਨੇਵਾਤਿਮ ਏਅਰ ਬੇਸ ਦਾ ਦੌਰਾ ਕੀਤਾ। ਈਰਾਨ ਨੇ 1 ਅਕਤੂਬਰ ਨੂੰ ਹੋਏ ਹਮਲੇ 'ਚ ਇਸ ਏਅਰਬੇਸ ਨੂੰ ਨਿਸ਼ਾਨਾ ਬਣਾਇਆ ਸੀ।

ਇਸ ਤੋਂ ਪਹਿਲਾਂ ਸ਼ਨੀਵਾਰ ਦੀ ਰਾਤ ਨੂੰ ਲੇਬਨਾਨ ਵਿੱਚ ਇਜ਼ਰਾਈਲੀ ਹਮਲਿਆਂ ਅਤੇ ਜ਼ਮੀਨੀ ਕਾਰਵਾਈਆਂ ਦੇ ਵਿਚਕਾਰ, ਇਜ਼ਰਾਈਲੀ ਫੌਜ ਨੇ ਪੂਰੀ ਰਾਤ ਬੈਰੂਤ ਹਵਾਈ ਅੱਡੇ ਦੇ ਨੇੜੇ ਹਵਾਈ ਹਮਲੇ ਕੀਤੇ। ਕੁਝ ਹਮਲੇ ਹਵਾਈ ਅੱਡੇ ਵੱਲ ਜਾਣ ਵਾਲੀਆਂ ਸੜਕਾਂ 'ਤੇ ਹੋਏ ਅਤੇ ਕੁਝ ਹਵਾਈ ਅੱਡੇ ਦੀ ਕੰਧ 'ਤੇ ਹੋਏ।

ਇਜ਼ਰਾਈਲੀ ਰੱਖਿਆ ਫੋਰਸ ਨੇ ਸ਼ਨੀਵਾਰ ਨੂੰ ਕਿਹਾ ਕਿ ਉਸ ਨੇ ਹਿਜ਼ਬੁੱਲਾ ਦੇ ਕਈ ਕਮਾਂਡ ਸੈਂਟਰਾਂ, ਹਥਿਆਰਾਂ ਦੇ ਡਿਪੂ, ਸੁਰੰਗਾਂ ਅਤੇ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਹੈ। ਆਈਡੀਐੱਫ ਨੇ ਕਿਹਾ ਕਿ ਉਹ 30 ਸਤੰਬਰ ਨੂੰ ਲੇਬਨਾਨ ਵਿੱਚ ਜ਼ਮੀਨੀ ਕਾਰਵਾਈਆਂ ਦੀ ਸ਼ੁਰੂਆਤ ਤੋਂ ਬਾਅਦ 440 ਹਿਜ਼ਬੁੱਲਾ ਮੈਂਬਰਾਂ ਨੂੰ ਮਾਰ ਚੁੱਕੇ ਹਨ।

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com





SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



# ਦਿਮਾਗੀ ਸੱਟਾਂ, ਮਾਨਸਿਕ ਰੋਗ ਅਤੇ ਗੰਭੀਰ ਐਡਿਕਸ਼ਨ ਤੋਂ ਪੀੜਤ ਲੋਕਾਂ ਲਈ ਸੂਬਾ ਸਰਕਾਰ ਸ਼ੁਰੂ ਕਰੇ ਸਹਾਇਤਾ ਪ੍ਰੋਗਰਾਮ : ਮੇਅਰ ਬ੍ਰਾਊਨ

## -ਕਿਹਾ, ਮਾਨਸਿਕ ਬਿਮਾਰੀਆਂ ਦੇ ਪੀੜਤਾਂ ਦੀ ਕੈਂਪਾਂ 'ਚ ਵਧ ਰਹੀ ਗਿਣਤੀ ਚਿੰਤਾਜਨਕ




ਦਿਮਾਗੀ ਸੱਟਾਂ, ਮਾਨਸਿਕ ਰੋਗ ਅਤੇ ਗੰਭੀਰ ਐਡਿਕਸ਼ਨ ਤੋਂ ਪੀੜਤ ਲੋਕਾਂ ਲਈ ਸੂਬਾ ਸਰਕਾਰ ਸ਼ੁਰੂ ਕਰੇ ਸਹਾਇਤਾ ਪ੍ਰੋਗਰਾਮ : ਮੇਅਰ ਬ੍ਰਾਊਨ
-ਕਿਹਾ, ਮਾਨਸਿਕ ਬਿਮਾਰੀਆਂ ਦੇ ਪੀੜਤਾਂ ਦੀ ਕੈਂਪਾਂ 'ਚ ਵਧ ਰਹੀ ਗਿਣਤੀ ਚਿੰਤਾਜਨਕ

ਬਰੈਂਪਟਨ, 6 ਅਕਤੂਬਰ (ਪੋਸਟ ਬਿਊਰੋ): ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ ਨੇ ਇੱਕ ਪ੍ਰੈੱਸ ਕਾਨਫਰੰਸ ਵਿਚ ਓਂਟਾਰੀਓ ਸਰਕਾਰ ਵਲੋਂ ਪੀਲ ਰੀਜਨ ਵਿੱਚ ਇੱਕ ਪਾਇਲਟ ਪ੍ਰਾਜੈਕਟ ਸ਼ੁਰੂ ਕੀਤੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਇਹ ਕੰਮਪੈਸ਼ੋਨੇਟ ਇੰਟਰਵੈਂਸ਼ਨ ਪ੍ਰੋਗਰਾਮ ਉਨ੍ਹਾਂ ਪੀੜਤਾਂ ਦੀ ਮੱਦਦ ਕਰੇਗਾ ਜੋ ਗੰਭੀਰ ਆਦਤਾਂ, ਮਾਨਸਿਕ ਵਿਕਾਰਾਂ ਅਤੇ ਦਿਮਾਗੀ ਸੱਟਾਂ ਕਾਰਨ ਆਪਣੀ ਦੇਖਭਾਲ ਕਰਨ ਵਿੱਚ ਅਸਮਰਥ ਹਨ।

ਉਨ੍ਹਾਂ ਕਿਹਾ ਕਿ ਹਰ ਰੋਜ਼ ਅਸੀਂ ਵੇਖਦੇ ਹਾਂ ਕਿ ਮਾਨਸਿਕ ਸਿਹਤ ਅਤੇ ਖਰਾਬ ਆਦਤਾਂ ਸਬੰਧੀ ਮੁੱਦਿਆਂ ਦਾ ਸਾਡੇ ਭਾਈਚਾਰੇ 'ਤੇ ਕਿੰਨਾ ਵਿਨਾਸ਼ਕਾਰੀ ਪ੍ਰਭਾਵ ਪੈਂਦਾ ਹੈ। ਬਰੈਂਪਟਨ ਨਾ ਸਿਰਫ਼ ਸਹਾਇਤਾ ਸੇਵਾਵਾਂ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਸੰਘਰਸ਼ ਕਰ ਰਿਹਾ ਹੈ, ਸਗੋਂ ਅਸੀਂ ਪ੍ਰਤੱਖ ਨਤੀਜੇ ਵਜੋਂ ਬੇਘਰ ਲੋਕਾਂ ਅਤੇ ਕੈਂਪਾਂ ਵਿੱਚ ਵੀ ਖਤਰਨਾਕ ਵਾਧਾ ਵੇਖ ਰਹੇ ਹਾਂ। ਇਹ ਕੈਂਪ ਅਕਸਰ ਮਾਨਸਿਕ ਸਿਹਤ ਚੁਣੌਤੀਆਂ ਨਾਲ ਜੂਝ ਰਹੇ ਪੀੜਤਾਂ ਦੇ ਘਰ ਹੁੰਦੇ ਹਨ। ਇਸ ਪ੍ਰੋਗਰਾਮ ਨਾਲ ਐਮਰਜੈਂਸੀ ਸੇਵਾਵਾਂ 'ਤੇ ਬੋਝ ਘਟੇਗਾ, ਕਮਿਊਨਿਟੀ ਸੁਰੱਖਿਆ ਵਧੇਗੀ ਅਤੇ ਲੋੜਵੰਦਾਂ ਨੂੰ ਸਹਾਇਤਾ ਪ੍ਰਦਾਨ ਕਰਨ ਵਿੱਚ ਵੀ ਮਦਦ ਮਿਲੇਗੀ।

***ਤਤਕਾਲ ਦੇਖਭਾਲ ਕੇਂਦਰ ਵਿਚ ਆਉਣ ਵਾਲਿਆਂ ਦੀ ਗਿਣਤੀ 'ਚ ਹੈਰਾਨੀਜਨਕ ਵਾਧਾ:***

ਪੀਲ ਰੀਜਨ ਵਿੱਚ ਸਾਲ 2010 ਤੋਂ ਬਰੈਂਪਟਨ ਦੇ ਮਾਨਸਿਕ ਸਿਹਤ, ਐਡਿਕਸ਼ਨ ਐਮਰਜੈਂਸੀ ਵਿਭਾਗ ਅਤੇ ਤਤਕਾਲ ਦੇਖਭਾਲ ਵਿੱਚ ਆਉਣ ਵਾਲਿਆਂ ਦੀ ਗਿਣਤੀ ਵਿਚ 121 ਫ਼ੀਸਦੀ ਦਾ ਹੈਰਾਨੀਜਨਕ ਵਾਧਾ ਹੋਇਆ ਹੈ, ਜਦੋਂਕਿ ਰੀਜਨ ਵਿੱਚ ਔਸਤ ਵਾਧਾ 54 ਫ਼ੀਸਦੀ ਹੈ।

ਪੀਲ ਰੀਜਨ ਪੁਲਿਸ ਨੂੰ ਮਾਨਸਿਕ ਸਿਹਤ ਅਤੇ ਐਡਿਕਸ਼ਨ ਸੰਕਟ ਨਾਲ ਸਬੰਧਤ ਜਨਵਰੀ 2020 ਤੋਂ ਜੂਨ 2024 ਤੱਕ 33,891 ਕਾਲਾਂ ਪ੍ਰਾਪਤ ਹੋਈਆਂ, ਜੋ ਕਿ 2020-2023 ਵਿਚਕਾਰ 25 ਪ੍ਰਤੀਸ਼ਤ ਵਧੀਆਂ ਹਨ। 2022 ਤੋਂ ਜੂਨ 2024 ਤੱਕ 8,000 ਵਿਅਕਤੀਆਂ ਦੀਆਂ ਲਗਭਗ 12,000 ਚਿੰਤਾਵਾਂ ਸਨ, ਜੋ ਕਿ ਲਗਭਗ 14 ਪ੍ਰਤੀ ਦਿਨ ਸੀ।

***ਪੀਲ ਪਬਲਿਕ ਹੈਲਥ ਓਪੀਆਡ ਮੌਤ ਦਰ ਅਤੇ ਬਿਮਾਰੀ ਦਰ:***

ਪੀਲ ਖੇਤਰ ਨਸ਼ੇ ਦੇ ਜ਼ਹਿਰੀਲੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ ਅਤੇ ਪਿਛਲੇ ਪੰਜ ਸਾਲਾਂ ਵਿਚ 705 ਜਾਨਾਂ ਗਈਆਂ ਹਨ। 2023 ਵਿੱਚ, ਪੀਲ ਨੇ ਓਪੀਆਡ-ਸਬੰਧਤ ਐਮਰਜੈਂਸੀ ਵਿਭਾਗ ਨੇ 573 ਦੌਰੇ ਕੀਤੇ ਅਤੇ ਅਫ਼ਸੋਸ ਦੀ ਗੱਲ ਹੈ ਕਿ ਓਪੀਆਡ-ਸਬੰਧਤ 147 ਮੌਤਾਂ ਹੋਈਆਂ। ਹੁਣ ਤੱਕ, 2024 ਵਿੱਚ 34 ਮੌਤਾਂ ਹੋਈਆਂ ਹਨ। 2022 ਅਤੇ 2023 ਵਿੱਚ ਇਨ੍ਹਾਂ ਵਿੱਚੋਂ 10 ਵਿੱਚੋਂ 9 ਮੌਤਾਂ ਵਿਚ ਫੈਂਟਾਨਿਲ ਮਿਲਿਆ ਸੀ।

ਬਰੈਂਪਟਨ ਫੈਡਰਲ ਅਤੇ ਸੂਬਾਈ ਸਰਕਾਰਾਂ ਨੂੰ ਬਰੈਂਪਟਨ ਅਤੇ ਪੂਰੇ ਪੀਲ ਖੇਤਰ ਵਿੱਚ ਮਾਨਸਿਕ ਸਿਹਤ, ਨਸ਼ਾਖੋਰੀ ਅਤੇ ਬੇਘਰੇਪਣ ਨੂੰ ਹੱਲ ਕਰਨ ਲਈ ਕੰਮ ਕਰਨ ਦੀ ਵਕਾਲਤ ਕਰਨਾ ਜਾਰੀ ਰੱਖ ਰਿਹਾ ਹੈ।

# ਕਿਚਨਰ ਦੇ ਇੱਕ ਵਿਅਕਤੀ ਨੇ ਬਹਿਸ ਦੌਰਾਨ ਔਰਤ ਤਾਣੀ ਬੰਦੂਕ, ਗ੍ਰਿਫ਼ਤਾਰ

ਕਿਚਨਰ, 6 ਅਕਤੂਬਰ (ਪੋਸਟ ਬਿਊਰੋ): 20 ਸਾਲਾ ਕਿਚਨਰ ਦੇ ਇੱਕ ਵਿਅਕਤੀ 'ਤੇ ਜੁਲਾਈ ਵਿੱਚ ਹੋਏ ਝਗੜੇ ਨਾਲ ਸਬੰਧਤ ਚਾਰਜਿਜ਼ ਲਗਾਏ ਗਏ ਹਨ।

28 ਜੁਲਾਈ ਨੂੰ ਦੁਪਹਿਰ 12:30 ਵਜੇ ਵਾਟਰਲੂ ਰੀਜਨ ਪੁਲਿਸ ਨੂੰ ਕਿਚਨਰ ਦੇ ਭਣਨਟ ਲਿਲੌ ਧਰਵਿਏ ਦੇ ਇਲਾਕੇ ਵਿੱਚ ਝਗੜੇ ਦੀ ਸੂਚਨਾ ਮਿਲੀ। ਪੁਲਿਸ ਨੇ ਕਿਹਾ ਕਿ ਇੱਕ 23 ਸਾਲਾ ਔਰਤ 'ਤੇ ਇੱਕ ਵਿਅਕਤੀਨੇ ਬਹਿਸ ਤੋਂ ਬਾਅਦ ਬੰਦੂਕ ਤਾਣ ਦਿੱਤੀ ਸੀ। ਪੁਲਿਸ ਦੇ ਉੱਥੇ ਪਹੁੰਚਣ ਤੋਂ ਪਹਿਲਾਂ ਹੀ ਉਹ ਵਿਅਕਤੀ ਉੱਥੋਂ ਚਲਾ ਗਿਆ ਅਤੇ ਉਸਦਾ ਪਤਾ ਨਹੀਂ ਚੱਲਿਆ।

ਕਿਸੇ ਵੀ ਸਰੀਰਕ ਸੱਟ ਦੀ ਕੋਈ ਰਿਪੋਰਟ ਨਹੀਂ ਮਿਲੀ। ਵੀਰਵਾਰ ਨੂੰ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ ਉਸ ਵਿਅਕਤੀ ਨੂੰ ਪਾਲੇਂਡਰ ਡਰਾਈਵ ਅਤੇ ਵਿਕਟੋਰੀਆ ਸਟਰੀਟ ਸਾਊਥ ਦੇ ਖੇਤਰ ਵਿੱਚ ਪਾਇਆ।

ਉਸਨੂੰ ਬੰਦੂਕ ਤਾਣਨ, ਜਾਨੋਂ ਮਾਰਨੇ ਦੀ ਧਮਕੀ ਦੇਣ ਅਤੇ ਹਥਿਆਰ ਨਾਲ ਹਮਲਾ ਕਰਨ ਸਮੇਤ ਕਈ ਆਪਰਾਧਿਕ ਦੋਸ਼ਾਂ ਲਈ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ 'ਤੇ ਚਾਰਜਿਜ਼ ਲਗਾਏ ਗਏ ਹਨ।

# ਸਸਕੇਚੇਵਾਨ ਬਿਜਲੀ ਗਰਿਡ ਨੂੰ ਬਿਜਲੀ ਲਈ ਤੇਲ ਡ੍ਰਿਲਿੰਗ ਸਾਈਟਾਂ ਤੋਂ ਫਲੇਅਰ ਗੈਸ ਨਾਲ ਮਿਲੇਗੀ ਮਦਦ

ਕੈਲਗਰੀ, 6 ਅਕਤੂਬਰ (ਪੋਸਟ ਬਿਊਰੋ): ਤੇਲ ਅਤੇ ਗੈਸ ਖੇਤਰ 'ਤੇ ਆਪਣੇ ਉਤਸਰਜਨ ਨੂੰ ਘੱਟ ਕਰਨ ਲਈ ਦਬਾਅ ਵਧਣ ਨਾਲ, ਕੈਲਗਰੀ ਸਥਿਤ ਇੱਕ ਕੰਪਨੀ ਤੇਲ ਖੂਹਾਂ ਤੋਂ ਨਿਕਲਣ ਵਾਲੀ ਅਪਸ਼ਿਸ਼ਟ ਗੈਸ ਨੂੰ ਆਲੇ ਦੁਆਲੇ ਦੀਆਂ ਕਮਿਊਨਿਟੀਜ਼ ਲਈ ਮੁੱਲਵਾਨ ਬਿਜਲੀ ਵਿੱਚ ਬਦਲਣ ਦੀ ਸਮਰੱਥਾ 'ਤੇ ਭਰੋਸਾ ਕਰ ਰਹੀ ਹੈ।

ਨਿੱਜੀ ਸਵਾਮਿਤਵ ਵਾਲੀ ਸਟੀਲ ਰੀਫ ਇੰਫ੍ਰਾਸਟਰਕਚਰ ਕਾਰਪ- ਜੋ ਸਸਕੇਚੇਵਾਨ ਅਤੇ ਨਾਰਥ ਡਕੋਟਾ ਵਿੱਚ ਕੱਚੇ ਤੇਲ ਅਤੇ ਕੁਦਰਤੀ ਗੈਸ ਪਾਈਪਲਾਈਨਾਂ ਦੇ ਨਾਲ-ਨਾਲ ਪ੍ਰਸੰਸਕਰਨ ਅਤੇ ਭੰਡਾਰਣ ਸਹੂਲਤਾਂ ਦੇ ਨੈੱਟਵਰਕ ਦਾ ਸਵਾਮਿਤਵ ਅਤੇ ਸੰਚਾਲਨ ਕਰਦੀ ਹੈ ਅਤੇ ਫਲੇਅਰ ਗੈਸ ਰਿਕਵਰੀ ਦੇ ਟਾਕਰੇ ਤੇ ਨਵੇਂ ਖੇਤਰ ਵਿੱਚ ਇੱਕ ਉਦਯੋਗ ਲੀਡਰ ਦੇ ਰੂਪ ਵਿੱਚ ਪਹਿਚਾਣ ਬਣਾਉਣਾ ਚਾਹੁੰਦੀ ਹੈ।



ਕੰਪਨੀ ਨੇ ਇਸ ਹਫ਼ਤੇ ਐਲਾਨ ਕੀਤਾ ਕਿ ਉਸਨੇ ਕਰਾਊਨ ਕਾਰਪੋਰੇਸ਼ਨ ਸਸਕਪਾਵਰ ਦੇ ਨਾਲ ਬਿਜਲੀ ਖਰੀਦ ਸਮਝੌਤਿਆਂ ਦੀ ਇੱਕ ਲੜੀ 'ਤੇ ਹਸਤਾਖਰ ਕੀਤੇ ਹਨ, ਜਿਸ ਤਹਿਤ ਉਹ ਸਸਕੇ-ਚੇਵਾਨ ਦੇ ਗਰਿਡ ਲਈ ਪ੍ਰਤੀ ਸਾਲ ਲੱਗਭੱਗ 100 ਮੇਗਾਵਾਟ ਬਿਜਲੀ ਪ੍ਰਦਾਨ ਕਰੇਗੀ, ਜੋ ਸਾਲਾਨਾ 100,000 ਘਰਾਂ ਨੂੰ ਬਿਜਲੀ ਦੇਣ ਲਈ ਸਮਰੱਥ ਹੈ।

2027 ਦੇ ਅੰਤ ਤੱਕ ਸੂਬੇ ਦੇ ਗਰਿਡ 'ਤੇ ਆਉਣ ਵਾਲੀ ਬਿਜਲੀ, ਸਸਕੇਚੇਵਾਨ ਵਿੱਚ ਸਟੀਲ ਰੀਫ ਦੇ ਪੰਜ ਗੈਸ ਪਲਾਂਟ ਵਿੱਚ ਉਤਪਾਦਿਤ ਕੀਤੀ ਜਾਵੇਗੀ, ਜਿਸ ਵਿੱਚ ਪੁਨਰਪ੍ਰਾਪਤ ਗੈਸ ਦੀ ਵਰਤੋਂ ਕੀਤੀ ਜਾਵੇਗਾ ਜੋ ਨਾ ਤਾਂ ਖੂਹਾਂ ਦੇ ਸਥਾਨਾਂ 'ਤੇ ਵਾਯੂਮੰਡਲ ਵਿੱਚ ਫੈਲ ਜਾਂਦੀ। ਸਟੀਲ ਰੀਫ ਦੇ ਸੀਈਓ ਸਕਾਟ ਸਾਊਥਵਰਡ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਜਦੋਂ ਅਸੀਂ ਇਸ ਵਿੱਚ ਸ਼ਾਮਿਲ ਹੋਏ ਤਾਂ ਫਲੇਅਰ ਗੈਸ ਇੱਕ ਮੁੱਦਾ ਸੀ ਅਤੇ ਇਹ ਇੱਕ ਮੁੱਦਾ ਬਣਿਆ ਹੋਇਆ ਹੈ।

# ਮੈਕਸੀਕੋ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਵਜੋਂ ਕਲਾਉਡੀਆ ਸੀਨਬੌਮ ਨੇ ਚੁੱਕੀ ਸਹੁੰ

ਮੈਕਸੀਕੋ ਸਿਟੀ, 6 ਅਕਤੂਬਰ (ਪੋਸਟ ਬਿਊਰੋ): ਅਮਰੀਕੀ ਮਹਾਂਦੀਪ ਦੇ ਦੇਸ਼ ਮੈਕਸੀਕੋ ਨੂੰ ਨਵਾਂ ਰਾਸ਼ਟਰਪਤੀ ਮਿ-ਲਆ ਹੈ। ਕਲਾਉਡੀਆ ਸੀਨਬੌਮ ਨੇ ਰਾਜਧਾਨੀ ਮੈਕਸੀਕੋ ਸਿਟੀ ਵਿਚ ਦੇਸ਼ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਸਹੁੰ ਚੁੱਕਦੇ ਹੀ ਉਹ ਅਪਣੇ ਦੇਸ਼ ਦੀ 66ਵੀਂ ਰਾਸ਼ਟਰਪਤੀ ਬਣ ਗਏ। ਉਨ੍ਹਾਂ ਨੇ ਅਜਿਹੇ ਸਮੇਂ ਸਹੁੰ ਚੁੱਕੀ ਹੈ ਜਦੋਂ ਦੇਸ਼ ਅਪਰਾਧਿਕ ਹਿੰਸਾ ਨਾਲ ਘਿਰਿਆ ਹੋਇਆ ਹੈ। ਸਹੁੰ ਚੁੱਕਣ ਤੋਂ ਬਾਅਦ ਕਲਾਉਡੀਆ ਸੀਨਬੌਮ ਨੇ ਦ੍ਰਿੜਤਾ ਨਾਲ ਕਿਹਾ ਕਿ ਉਹ ਦੇਸ਼ ਵਿਚ ਵਧ ਰਹੀ ਹਿੰਸਾ ਤੇ ਅਪਰਾਧ ਨੂੰ ਜੜ੍ਹੋਂ ਪੁੱਟਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ ਅਤੇ 'ਸਮਾਜਕ ਨੀਤੀ' ਦੀ ਵਰਤੋਂ ਕਰੇਗੀ।



ਕਲਾਉਡੀਆ ਸੀਨਬੌਮ ਇਸ ਤੋਂ ਪਹਿਲਾਂ ਮੈਕਸੀਕੋ ਦੀ ਮੇਅਰ ਰਹਿ ਚੁੱਕੇ ਹਨ। ਦਿਲਚਸਪ ਗੱਲ ਇਹ ਹੈ ਕਿ ਉਹ ਨੇਤਾ ਬਣਨ ਤੋਂ ਪਹਿਲਾਂ ਇੱਕ ਵਿਗਿਆਨੀ ਸਨ। ਕਲਾਉਡੀਆ ਸੀਨਬੌਮ ਨੇ ਐਂਡਰੇਸ ਮੈਨੂਅਲ ਲੋਪੇਜ਼ ਓਬਰਾਡੋਰ ਦੀ ਥਾਂ ਮੈਕਸੀਕੋ ਦੇ ਰਾਸ਼ਟਰਪਤੀ ਵਜੋਂ, ਦੁਨੀਆਂ ਦੇ ਸਭ ਤੋਂ ਵੱਧ ਅਬਾਦੀ ਵਾਲੇ ਸਪੈਨਿਸ਼ ਬੋਲਣ ਵਾਲੇ ਦੇਸ਼ ਨੂੰ ਚੁਣਿਆ। 62 ਸਾਲਾ ਕਲਾਉਡੀਆ ਸੇਨਬੌਮ ਨੇ ਕਾਂਗਰਸ ਹਾਊਸ ਵਿਚ ਛੇ ਸਾਲ ਦੇ ਕਾਰਜਕਾਲ ਲਈ ਅਹੁਦੇ ਦੀ ਸਹੁੰ ਚੁੱਕੀ।

ਰਾਸ਼ਟਰਪਤੀ ਬਣਨ ਤੋਂ ਬਾਅਦ ਸੇਨਬੌਮ ਦੀ ਪਹਿਲੀ ਫੇਰੀ ਅਕਾਪੁਲਕੋ ਦੇ ਸਮੁੰਦਰੀ ਬੀਚਾਂ ਦੀ ਹੋਵੇਗੀ ਜੋ ਹਾਲ ਹੀ ਵਿਚ ਆਏ ਹੜ੍ਹਾਂ ਨਾਲ ਤਬਾਹ ਹੋ ਗਏ ਸਨ। ਉਹ ਦੇਸ਼ ਦੀ ਆਰਥਿਕਤਾ ਦੀਆਂ ਸਮੱਸਿਆਵਾਂ ਨੂੰ ਵੀ ਗੰਭੀਰਤਾ ਨਾਲ ਵੇਖਦੇ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Well Settled **Ramgarhia Family** in Winnipeg looking for a suitable match for their son **(Canadian citizenship)**, 33-year-old, 5-10, clean shaved. Currently working in the financing business. **Call at 204-510-7658 or 204-979-0021.**

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175


ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664







Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net






## ਡਾ.ਲੱਧੜ ਮਹਾਰਾਣੀ ਏਲਿਜ਼ਾਬੇਥ-2 ਪਲਾਟੀਨਮ ਜੁਬਲੀ ਪੁਰਸਕਾਰ ਨਾਲ ਸਨਮਾਨਿਤ

ਬਰੈਂਪਟਨ, 6 ਅਕਤੂਬਰ (ਗਿਆਨ ਸਿੰਘ): ਓਂਟਾਰੀਓ ਦੇ ਬਰੈਂਪਟਨ ਦੇ ਉੱਘੇ ਨਿਵਾਸੀ ਡਾ. ਦਵਿੰਦਰ ਸਿੰਘ ਲੱਧੜ ਨੂੰ ਸਥਾਨਕ ਭਾਈਚਾਰੇ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਪ੍ਰਸ਼ੰਸਾ ਪੱਤਰ ਦੇ ਨਾਲ ਵੱਕਾਰੀ ਮਹਾਰਾਣੀ ਏਲਿਜ਼ਾਬੇਥ ॥ ਪਲਾਟੀਨਮ ਜੁਬਲੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਡਾ. ਲੱਧੜ ਇਲਾਕੇ ਵਿੱਚ ਭਾਈਚਾਰਕ ਸੇਵਾ ਪ੍ਰਤੀ ਅਟੁੱਟ ਵਚਨਬੱਧਤਾ ਅਤੇ ਸਮਰਪਣ ਭਾਵਨਾ ਲਈ ਜਾਣੇ ਜਾਂਦੇ ਹਨ।

ਬਰੈਂਪਟਨ ਵੈਸਟ ਤੋਂ ਐਮਪੀਪੀ ਅਮਰਜੋਤ ਸੰਧੂ ਨੇ ਡਾ. ਲੱਧੜ ਦੇ ਕਮਿਊਨਿਟੀ ਦੀ ਸੇਵਾ ਵਿੱਚ ਉਨ੍ਹਾਂ ਦੇ ਅਣਥੱਕ ਯਤਨਾਂ ਦੀ ਸ਼ਲਾਘਾ ਕੀਤੀ।



ਡਾ. ਗੁਰੂ ਕਾਸ਼ੀ ਯੂਨੀਵਰਸਿਟੀ ਦੇ ਪ੍ਰੋ. ਵਾਈਸ ਚਾਂਸਲਰ ਜਗਤਾਰ ਸਿੰਘ ਧੀਮਾਨ ਨੇ ਵੀ ਇਸ ਮਹੱਤਵਪੂਰਨ ਪ੍ਰਾਪਤੀ ਲਈ ਡਾ. ਲੱਧੜ ਨੂੰ ਵਧਾਈ ਦਿੱਤੀ। ਡਾ. ਲੱਧੜ ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ ਦੇ ਚਾਂਸਲਰ ਦੇ ਸਲਾਹਕਾਰ ਵਜੋਂ ਵੀ ਕੰਮ ਕਰਦੇ ਹਨ।

## ਅਯਾਤੁੱਲਾ ਅਲੀ ਖਾਮੇਨੇਈ ਨੇ ਕਿਹਾ: ਜੇ ਲੋੜ ਪਈ, ਤਾਂ ਦੁਬਾਰਾ ਇਜ਼ਰਾਈਲ 'ਤੇ ਹਮਲਾ ਕਰਾਂਗੇ

ਤਹਿਰਾਨ, 6 ਅਕਤੂਬਰ (ਪੋਸਟ ਬਿਊਰੋ): ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮੇਨੇਈ ਨੇ ਸ਼ੁਕਰਵਾਰ ਨੂੰ ਇਜ਼ਰਾਈਲ 'ਤੇ ਅਪਣੇ ਦੇਸ਼ ਦੇ ਤਾਜ਼ਾ ਮਿਜ਼ਾਈਲ ਹਮਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੇਕਰ ਲੋੜ ਪਈ ਤਾਂ ਉਹ ਦੁਬਾਰਾ ਅਜਿਹਾ ਕਰਨ ਲਈ ਤਿਆਰ ਹੈ। ਇਹ ਜਾਣਕਾਰੀ ਸਰਕਾਰੀ ਟੈਲੀਵਿਜ਼ਨ ਦੀਆਂ ਖ਼ਬਰਾਂ 'ਚ ਦਿਤੀ ਗਈ। ਪੰਜ ਸਾਲਾਂ ਵਿਚ ਪਹਿਲੀ ਵਾਰ ਸ਼ੁਕਰਵਾਰ ਦੀ ਨਮਾਜ਼ ਦੌਰਾਨ ਨੇਤਾ ਦੇ ਤੌਰ 'ਤੇ ਅਪਣੀ ਮੌਜੂਦਗੀ ਦਰਜ ਕਰਨ ਵਾਲੇ ਖਾਮੇਨੇਈ ਨੇ ਮਿਜ਼ਾਈਲ ਹਮਲੇ ਨੂੰ ਈਰਾਨ ਦੇ ਹਥਿਆਰਬੰਦ ਬਲਾਂ ਦਾ 'ਸ਼ਾਨਦਾਰ' ਕੰਮ ਦੱਸਿਆ।

ਇਜ਼ਰਾਈਲ ਨੇ ਕਿਹਾ ਕਿ ਉਸ ਨੇ ਕਈ ਮਿਜ਼ਾਈਲਾਂ ਨੂੰ ਤਬਾਹ ਕਰ ਦਿਤਾ ਹੈ। ਜਦਕਿ ਵਾਸ਼ਿੰਗਟਨ ਵਿਚ ਅਧਿਕਾਰੀਆਂ ਨੇ ਕਿਹਾ ਕਿ ਅਮਰੀਕੀ ਜੰਗੀ ਜਹਾਜ਼ਾਂ ਨੇ ਇਜ਼ਰਾਈਲ ਦੀ ਰੱਖਿਆ ਵਿਚ ਸਹਾਇਤਾ ਕੀਤੀ। ਈਰਾਨ ਨੇ ਕਿਹਾ ਕਿ ਉਸ ਦੀਆਂ ਜ਼ਿਆਦਾਤਰ ਮਿਜ਼ਾਈਲਾਂ ਨੇ ਉਨ੍ਹਾਂ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ।



ਖਾਮੇਨੇਈ ਨੇ ਤਹਿਰਾਨ ਦੀ ਮੁੱਖ ਨਮਾਜ਼ ਸਥਾਨ ਮੁਸੱਲਾ ਮਸਜਿਦ 'ਚ ਹਜ਼ਾਰਾਂ ਲੋਕਾਂ ਨੂੰ ਸੰਬੋਧਿਤ ਕਰਦੇ ਹੋਏ 40 ਮਿੰਟ ਦੇ ਭਾਸ਼ਣ 'ਚ ਕਿਹਾ ਕਿ ਕਰੀਬ ਇੱਕ ਸਾਲ ਪਹਿਲਾਂ 7 ਅਕਤੂਬਰ 2023 ਨੂੰ ਦੱਖਣੀ ਇਜ਼ਰਾਈਲ 'ਤੇ ਹਮਾਸ ਦੀ ਅਗਵਾਈ ਵਾਲਾ ਹਮਲਾ ਫਲਸਤੀਨੀ ਲੋਕਾਂ ਦੀ ਜਾਇਜ਼ ਕਾਰਵਾਈ ਸੀ।

ਉਨ੍ਹਾਂ ਕਿਹਾ ਕਿ ਮੰਗਲਵਾਰ ਦਾ ਮਿਜ਼ਾਈਲ ਹਮਲਾ ਕੌਮਾਂਤਰੀ ਕਾਨੂੰਨ, ਸੂਬੇ ਦੇ ਕਾਨੂੰਨ ਅਤੇ ਇਸਲਾਮਿਕ ਵਿਸ਼ਵਾਸਾਂ 'ਤੇ ਅਧਾਰਤ ਸੀ। ਉਨ੍ਹਾਂ ਨੇ ਅਫਗਾਨਿਸਤਾਨ ਤੋਂ ਲੈ ਕੇ ਯਮਨ ਅਤੇ ਈਰਾਨ ਤੋਂ ਲੈ ਕੇ ਗਾਜ਼ਾ ਅਤੇ ਯਮਨ ਤਕ ਦੇ ਦੇਸ਼ਾਂ ਨੂੰ ਦੁਸ਼ਮਣ ਵਿਰੁਧ ਕਾਰਵਾਈ ਕਰਨ ਲਈ ਤਿਆਰ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਨੇ ਅਜਿਹੀ ਕਾਰਵਾਈ ਕਰਦਿਆਂ ਅਪਣੀਆਂ ਜਾਨਾਂ ਗੁਆਉਣ ਵਾਲਿਆਂ ਦੀ ਵੀ ਸ਼ਲਾਘਾ ਕੀਤੀ।

ਆਪਣੇ ਭਾਸ਼ਣ 'ਚ ਖਾਮੇਨੇਈ ਨੇ ਕਿਹਾ ਕਿ ਜੇਕਰ ਮੁਸਲਮਾਨ ਇਕੱਠੇ ਰਹਿਣਗੇ ਤਾਂ ਰੱਬ ਉਨ੍ਹਾਂ ਦੇ ਨਾਲ ਹੋਵੇਗਾ। ਉਨ੍ਹਾਂ ਨੇ ਸਾਰੇ ਮੁਸਲਮਾਨਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੁਰਾਨ ਮੁਤਾਬਕ ਜੇਕਰ ਮੁਸਲਮਾਨ ਇਕਜੁੱਟ ਹੋ ਜਾਂਦੇ ਹਨ ਤਾਂ ਉਹ ਆਪਣੇ ਦੁਸ਼ਮਣਾਂ 'ਤੇ ਜਿੱਤ ਹਾਸਿਲ ਕਰ ਸਕਦੇ ਹਨ।

## ਟਰੱਕ ਤੇ ਮੋਟਰਸਾਈਕਲ ਦੀ ਟੱਕਰ ਵਿਚ ਮੋਟਰਸਾਈਕਲ ਸਵਾਰ ਦੀ ਮੌਤ



ਕਿਚਨਰ, 6 ਅਕਤੂਬਰ (ਪੋਸਟ ਬਿਊਰੋ): ਬਰੇਂਟ ਕਾਉਂਟੀ ਦੇ ਇੱਕ ਵਿਅਕਤੀ ਦੀ ਵੀਰਵਾਰ ਨੂੰ ਮੌਤ ਹੋ ਗਈ, ਜਦੋਂ ਉਸਦੀ ਮੋਟਰਸਾਈਕਲ ਆਇਰ ਕੋਲ ਇੱਕ ਟਰਾਂਸਪੋਰਟ ਟਰੱਕ ਨਾਲ ਟਕਰਾਅ ਗਈ। ਇਹ ਟੱਕਰ ਦੁਪਹਿਰ ਕਰੀਬ 1:30 ਵਜੇ ਡਮਫਰੀਜ਼ ਰੋਡ ਕੋਲ ਸੀਡਰ ਕਰੀਕ ਰੋਡ 'ਤੇ ਹੋਈ।

ਵਾਟਰਲੂ ਰੀਜਨ ਪੁਲਿਸ ਨੇ ਦੱਸਿਆ ਕਿ ਮੋਟਰਸਾਈਕਲ ਸਵਾਰ, 19 ਸਾਲਾ ਲੜਕੇ ਦੀ ਮੌਕੇ 'ਤੇ ਹੀ ਮੌਤ ਹੋ ਗਈ। ਟਰਾਂਸਪੋਰਟ ਟਰੱਕ ਦਾ ਚਾਲਕ , ਕਿਚਨਰ ਦਾ 38 ਸਾਲਾ ਵਿਅਕਤੀ ਨੂੰ ਕੋਈ ਸੱਟ ਨਹੀਂ ਲੱਗੀ। ਪੁਲਿਸ ਟੱਕਰ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ।

### ਐਮਾਜ਼ੋਨ ਵੱਲੋਂ ਗੁਰਬਾਣੀ ਦੇ ਪਾਵਨ ਗੁਟਕਾ ਸਾਹਿਬ ਦੀ ਆਨਲਾਈਨ ਵਿਕਰੀ ਦਾ ਮਾਮਲਾ:

## ਐਮਾਜ਼ੋਨ ਕੰਪਨੀ ਨੂੰ ਵੈੱਬਸਾਈਟ ਤੋਂ ਗੁਟਕਾ ਸਾਹਿਬ ਹਟਾ ਕੇ ਸਪੱਸ਼ਟੀਕਰਨ ਭੇਜਣ ਲਈ ਪੱਤਰ ਲਿਖਿਆ

ਅੰਮ੍ਰਿਤਸਰ, 6 ਅਕਤੂਬਰ (ਪੋਸਟ ਬਿਊਰੋ): ਆਨਲਾਈਨ ਵਪਾਰਕ ਵੈੱਬਸਾਈਟ ਐਮਾਜ਼ੋਨ ਵੱਲੋਂ ਪਾਵਨ ਗੁਰਬਾਣੀ ਦੀਆਂ ਸੈਂਚੀਆਂ ਤੇ ਗੁਟਕਾ ਸਾਹਿਬ ਵੇਚਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਨੋਟਿਸ ਲੈਂਦਿਆਂ ਗੁਟਕਾ ਸਾਹਿਬ ਦੀ ਵਿਕਰੀ ਤੁਰੰਤ ਰੋਕਣ ਲਈ ਆਖਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਧਰਮ ਨਾਲ ਸਬੰਧਤ ਪੋਥੀਆਂ ਅਤੇ ਪਵਿੱਤਰ ਗੁਟਕਾ ਸਾਹਿਬ ਨੂੰ ਇਸ ਐਪ 'ਤੇ ਆਨਲਾਈਨ ਵੇਚਣਾ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਸ ਦੇ ਸਟੋਰਾਂ 'ਤੇ ਪਾਵਨ ਪੋਥੀਆਂ ਦਾ ਸਤਿਕਾਰ ਕਾਇਮ ਨਹੀਂ ਰਹਿ ਸਕਦਾ। ਜਦੋਂ ਪਾਰਸਲ ਰਾਹੀਂ ਇਹ ਇਕ ਤੋਂ ਦੂਜੀ ਥਾਂ 'ਤੇ ਪੁੱਜਦੇ ਹਨ ਤਾਂ ਕੁਦਰਤੀ ਹੈ ਕਿ ਇਸ ਦੇ ਸਤਿਕਾਰ ਨੂੰ ਠੇਸ ਪੁੱਜਦੀ ਹੈ।

ਉਨ੍ਹਾਂ ਕਿਹਾ ਕਿ ਸਿੱਖ ਸੰਗਤਾਂ ਦੇ ਮਨਾਂ ਅੰਦਰ ਗੁਰਬਾਣੀ ਪ੍ਰਤੀ ਅਥਾਹ ਸ਼ਰਧਾ ਤੇ ਸਤਿਕਾਰ ਹੈ ਅਤੇ ਐਮਾਜ਼ੋਨ ਵੱਲੋਂ ਆਨਲਾਈਨ ਗੁਟਕਾ ਸਾਹਿਬਾਨ ਦੀ ਵਿਕਰੀ ਨਾਲ ਸਿੱਖ ਮਨਾਂ ਅੰਦਰ ਭਾਰੀ ਰੋਸ ਦੀ ਲਹਿਰ ਹੈ। ਐਡਵੋਕੇਟ ਧਾਮੀ ਨੇ ਐਮਾਜ਼ੋਨ ਨੂੰ ਆਪਣੀ ਵੈੱਬਸਾਈਟ ਤੋਂ ਪਾਵਨ ਗੁਰਬਾਣੀ ਦੇ ਗੁਟਕਾ ਸਾਹਿਬ ਨੂੰ ਤੁਰੰਤ ਹਟਾਉਣ



ਲਈ ਕਿਹਾ।

ਉਨ੍ਹਾਂ ਪਬਲੀਸ਼ਰਾਂ ਨੂੰ ਅਪੀਲ ਕੀਤੀ ਕਿ ਗੁਰਬਾਣੀ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਉਹ ਗੁਟਕਾ ਸਾਹਿਬ ਅਤੇ ਪਾਵਨ ਪੋਥੀਆਂ ਨੂੰ ਆਨਲਾਈਨ ਵੇਚਣ ਤੋਂ ਗੁਰੇਜ ਕਰਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਹ ਬੇਹੱਦ ਗੰਭੀਰ ਮਾਮਲਾ ਹੈ, ਜਿਸ ਨੂੰ ਧਰਮ ਪ੍ਰਚਾਰ ਕਮੇਟੀ ਦੀ ਆਉਣ ਵਾਲੀ ਇਕੱਤਰਤਾ ਵਿਚ ਵੀ ਵਿਚਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਅਜਿਹੇ ਮਾਮਲੇ ਸਾਹਮਣੇ ਆਉਣ ''ਤੇ ਐਮਾਜ਼ੋਨ ਕੰਪਨੀ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ, ਜਿਸ ਮਗਰੋਂ ਗੁਟਕਾ ਸਾਹਿਬ ਦੀ ਆਨਲਾਈਨ ਵਿਕਰੀ ਬੰਦ ਕਰ ਦਿੱਤੀ ਗਈ ਸੀ। ਇਸ ਸਬੰਧੀ ਐਮਾਜ਼ੋਨ ਨੂੰ ਪੱਤਰ ਲਿਖਿਆ ਜਾ ਰਿਹਾ ਹੈ ਕਿ ਉਹ ਤੁਰੰਤ ਵੈੱਬਸਾਈਟ ਤੋਂ ਗੁਰਬਾਣੀ ਦੇ ਗੁਟਕਾ ਸਾਹਿਬਾਨ ਨੂੰ ਹਟਾ ਕੇ ਆਪਣਾ ਸਪੱਸ਼ਟੀਕਰਨ ਸ਼੍ਰੋਮਣੀ ਕਮੇਟੀ ਨੂੰ ਭੇਜਣ।

## ਦਿੱਲੀ ਦੇ ਦਵਾਰਕਾ 'ਚ ਬਣਾਇਆ ਗਿਆ ਸਭ ਤੋਂ ਉੱਚਾ ਰਾਵਣ ਦਾ ਪੁਤਲਾ, ਬਣਿਆ ਖਿੱਚ ਦਾ ਕੇਂਦਰ

ਨਵੀਂ ਦਿੱਲੀ, 6 ਅਕਤੂਬਰ (ਪੋਸਟ ਬਿਊਰੋ): ਦੇਸ਼ ਭਰ 'ਚ 12 ਅਕਤੂਬਰ ਨੂੰ ਦੁਸਹਿਰੇ ਦਾ ਤਿਓਹਾਰ ਮਨਾਇਆ ਜਾਵੇਗਾ। ਦੁਸਹਿਰਾ ਇੱਕ ਪ੍ਰਮੁੱਖ ਤਿਉਹਾਰ ਹੈ ਜੋ ਪੂਰੇ ਦੇਸ਼ 'ਚ ਬਹੁਤ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

ਦਿੱਲੀ ਦੇ ਦਵਾਰਕਾ ਸਥਿਤ ਰਾਮਲੀਲਾ ਮੈਦਾਨ 'ਚ ਇਕ ਵਿਸ਼ੇਸ਼ ਅਤੇ ਸ਼ਾਨਦਾਰ ਸਮਾਗਮ ਹੋਣ ਜਾ ਰਿਹਾ ਹੈ, ਜਿੱਥੇ ਦੁਨੀਆਂ ਦਾ ਸਭ ਤੋਂ ਉੱਚਾ ਰਾਵਣ ਦਾ ਪੁਤਲਾ ਫੂਕਿਆ ਜਾਵੇਗਾ। ਇਸ ਪੁਤਲੇ ਦੀ ਉਚਾਈ 211 ਫੁੱਟ ਹੈ, ਜੋ ਕਿ ਇਸ ਨੂੰ ਨਾ ਸਿਰਫ਼ ਵਿਲੱਖਣ ਸਗੋਂ ਇੱਕ ਮਹੱਤਵਪੂਰਨ ਆਕਰਸ਼ਣ ਵੀ ਬਣਾਉਂਦੀ ਹੈ।

ਦਵਾਰਕਾ ਰਾਮਲੀਲਾ ਕਮੇਟੀ ਦੇ ਸੰਯੋਜਕ ਰਾਜੇਸ਼ ਗਹਿਲੋਤ ਨੇ ਦੱਸਿਆ ਕਿ ਇਹ ਪੁਤਲਾ ਕਾਰੀਗਰਾਂ ਦੇ ਵਿਸ਼ੇਸ਼ ਸਮੂਹ ਵੱਲੋਂ ਬਣਾਇਆ ਗਿਆ ਹੈ। ਇਹ ਕਾਰੀਗਰ ਅੰਬਾਲਾ ਅਤੇ ਐੱਨਸੀਆਰ ਤੋਂ ਹਨ, ਜੋ ਆਪਣੇ ਤਜ਼ਰਬੇ ਅਤੇ ਹੁਨਰ ਲਈ ਜਾਣੇ ਜਾਂਦੇ ਹਨ। ਪੁਤਲੇ ਦਾ ਢਾਂਚਾ ਪਹਿਲਾਂ ਲੋਹੇ



ਦਾ ਬਣਾਇਆ ਗਿਆ ਹੈ ਤਾਂ ਜੋ ਇਸਦੀ ਮਜ਼ਬੂਤੀ ਨੂੰ ਯਕੀਨੀ ਬਣਾਇਆ ਜਾ ਸਕੇ ਸੀ।

ਇਸ ਤੋਂ ਬਾਅਦ ਬਾਂਸ ਅਤੇ ਮਖਮਲ ਦੇ ਕੱਪੜੇ ਦੀ ਵਰਤੋਂ ਕਰਕੇ ਇਸ ਨੂੰ ਹੋਰ ਵੀ ਸ਼ਾਨਦਾਰ ਬਣਾਇਆ ਗਿਆ। ਰਾਵਣ ਦੇ ਚਿਹਰੇ ਨੂੰ ਖਾਸ ਤੌਰ 'ਤੇ ਆਕਰਸ਼ਕ ਅਤੇ ਮਜ਼ਬੂਤ ਬਣਾਇਆ ਗਿਆ ਹੈ, ਜਿਸ ਨਾਲ ਉਹ ਪੂਰੀ ਤਰ੍ਹਾਂ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚ ਸਕਦਾ ਹੈ। ਇਸ ਵਿਸ਼ਾਲ ਮੂਰਤੀ ਨੂੰ ਬਣਾਉਣ ਲਈ ਚਾਰ ਵੱਡੀਆਂ ਕ੍ਰੇਨਾਂ ਦੀ ਵਰਤੋਂ ਕੀਤੀ ਗਈ ਹੈ। ਇਸ ਦੀ ਉਸਾਰੀ ਦਾ ਕੰਮ ਕਰੀਬ ਚਾਰ ਮਹੀਨੇ ਚੱਲਿਆ, ਜਿਸ 'ਚ ਕਾਰੀਗਰਾਂ ਨੇ ਸਖ਼ਤ ਮਿਹਨਤ ਅਤੇ ਲਗਨ ਨਾਲ ਕੰਮ ਕੀਤਾ। ਪੁਤਲੇ 'ਤੇ ਲਗਭਗ 30 ਲੱਖ ਰੁਪਏ ਖਰਚਾ ਆਇਆ ਹੈ, ਜੋ ਕਿ ਇਸਦੀ ਉਸਾਰੀ ਦੀ ਸ਼ਾਨ ਅਤੇ ਗੁਣਵੱਤਾ ਨੂੰ ਦਰਸਾਉਂਦੀ ਹੈ।

## ਨੈਸ਼ਨਲ ਲੋਕ ਅਦਾਲਤ ਦਾ ਆਯੋਜਨ 14 ਦਸੰਬਰ ਨੂੰ

ਲੁਧਿਆਣਾ, 6 ਅਕਤੂਬਰ (ਗਿਆਨ ਸਿੰਘ): ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਹਰਵਿੰਦਰ ਸਿੰਘ ਵਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਆਮ ਲੋਕਾਂ ਦੇ ਆਪਸੀ ਝਗੜਿਆਂ ਦਾ ਛੇਤੀ ਅਤੇ ਸਸਤੇ ਢੰਗ ਨਾਲ ਨਿਪਟਾਰਾ ਕਰਵਾਉਣ ਦੇ ਮੰਤਵ ਨਾਲ ਆਗਾਮੀ ੧੪ ਦਸੰਬਰ (ਸ਼ਨੀਵਾਰ) ਨੂੰ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕਰਵਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਵਲੋਂ 14 ਦਸੰਬਰ, 2024 ਨੂੰ 'ਨੈਸ਼ਨਲ ਲੋਕ ਅਦਾਲਤ' ਰਾਹੀਂ ਜਿਲ੍ਹਾ ਕਚਹਿਰੀਆਂ, ਲੁਧਿਆਣਾ ਅਤੇ ਸਿਵਲ ਕੋਰਟਸ-ਜਗਰਾਓਂ, ਖੰਨਾ, ਸਮਰਾਲਾ ਅਤੇ ਪਾਇਲ ਵਿਖੇ ਵੱਖ-ਵੱਖ ਨਿਆਂਇਕ ਅਦਾਲਤਾਂ ਵਿੱਚ ਲੰਬਿਤ ਮਾਮਲਿਆਂ ਦਾ ਨਿਪਟਾਰਾ ਧਿਰਾਂ ਦੀ ਆਪਸੀ ਸਹਿਮਤੀ ਨਾਲ ਕਰਵਾਇਆ ਜਾਵੇਗਾ।

ਸਕੱਤਰ ਹਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਸਿਵਲ ਕੇਸ ਜਿਵੇਂ ਕਿ ਕਿਰਾਇਆ, ਬੈਂਕ ਦੀ ਰਿਕਵਰੀ, ਮਾਲ ਮਾਮਲੇ, ਬਿਜਲੀ ਅਤੇ ਪਾਣੀ ਦੇ ਬਿੱਲਾਂ (ਚੋਰੀ ਦੇ ਕੇਸਾਂ ਨੂੰ ਛੱਡ ਕੇ), ਤਨਖਾਹਾਂ ਅਤੇ ਭੱਤਿਆਂ ਅਤੇ ਸੇਵਾ ਮੁਕਤ ਲਾਭਾਂ ਨਾਲ ਸਬੰਧਤ ਮਾਮਲੇ, ਜੰਗਲਾਤ ਐਕਟ ਦੇ ਕੇਸ, ਤਬਾਹੀ ਮੁਆਵਜ਼ਾ, ਫੌਜਦਾਰੀ ਮਿਕਦਾਰ ਮਾਮਲੇ, ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ ਦੀ ਧਾਰਾ 138 ਦੇ ਅਧੀਨ ਸ਼ਿਕਾਇਤਾਂ, ਕਵਰਡ ਮਾਮਲਿਆਂ ਦੀ ਸੁਣਵਾਈ ਸਿਵਲ ਜੱਜਾਂ ਜਾਂ ਜੁਡੀਅਸ਼ੀਅਲ ਮੈਜਿਸਟਰੇਟਾਂ ਦੁਆਰਾ ਲੋਕ ਅਦਾਲਤ ਵਿੱਚ ਕੀਤੀ ਜਾਵੇਗੀ।







## ਐੱਮ.ਪੀ. ਤਨਮਨਜੀਤ ਸਿੰਘ ਢੇਸੀ ਦੇ ਯਤਨਾਂ ਸਦਕਾ 10ਵੀਂ ਯੂ.ਕੇ. ਗੱਤਕਾ ਚੈਂਪੀਅਨਸ਼ਿਪ ਡਰਬੀ ਵਿਖੇ ਸਮਾਪਤ

### ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਦੇ ਲੜਕੇ ਤੇ ਲੜਕੀਆਂ ਦੀ ਟੀਮ ਜੇਤੂ ਰਹੀ

ਚੰਡੀਗੜ੍ਹ, 6 ਅਕਤੂਬਰ ਗਿਆਨਸਿੰਘ): 10ਵੀਂ ਯੂ.ਕੇ. ਗੱਤਕਾ ਚੈਂਪੀਅਨਸ਼ਿਪ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ ਕਰਵਾਈ ਗਈ ਜਿਸ ਵਿੱਚ ਵੱਖ-ਵੱਖ ਸ਼ਹਿਰਾਂ ਤੋਂ ਪਹੁੰਚੇ 9 ਗੱਤਕਾ ਅਖਾੜਿਆਂ ਦੇ ਲੜਕਿਆਂ ਅਤੇ ਬੀਬੀਆਂ ਨੇ ਗੱਤਕੇ ਦੇ ਜੌਹਰ ਵਿਖਾਏ। ਸ਼ਬਦ ਕੀਰਤਨ ਅਤੇ ਅਰਦਾਸ ਤੋਂ ਉਪਰੰਤ ਸ਼ੁਰੂ ਹੋਏ ਗੱਤਕਾ ਮੁਕਾਬਲਿਆਂ ਵਿੱਚ ਵੱਖ ਵੱਖ ਉਮਰ ਦੇ ਬੱਚਿਆਂ, ਬੀਬੀਆਂ ਅਤੇ ਮਰਦਾਂ ਨੇ ਭਾਗ ਲਿਆ ਜਿਹਨਾਂ ਵਿੱਚੋਂ 12 ਤੋਂ 14 ਸਾਲ ਦੇ ਮੁਕਾਬਲੇ 'ਚੋਂ ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਦੀ ਟੀਮ ਪਹਿਲੇ ਅਤੇ ਅਕਾਲੀ ਬਾਬਾ ਅਜੀਤ ਸਿੰਘ ਗੱਤਕਾ ਅਖਾੜਾ ਮਾਨਚੈਸਟਰ ਦੂਜੇ ਸਥਾਨ ਰਹੀ।

ਲੜਕੀਆਂ ਵਿੱਚੋਂ ਅਕਾਲੀ ਫੂਲਾ ਸਿੰਘ ਗੱਤਕਾ ਅਖਾੜਾ ਕਵੈਂਟਰੀ ਦੀ ਗੁਰਸੁਖਮਨ ਕੌਰ ਪਹਿਲੇ ਅਤੇ ਅਕਾਲੀ ਬਾਬਾ ਅਜੀਤ ਸਿੰਘ ਗੱਤਕਾ ਅਖਾੜਾ ਵਾਰਿੰਗਟਨ ਦੀ ਜੀਆ ਕੌਰ ਦੂਜੇ ਸਥਾਨ ਤੇ ਰਹੀ। ਇਸੇ ਤਰਾਂ 15 ਤੋਂ 17 ਉਮਰ ਦੇ ਲੜਕੀਆਂ ਦੇ

ਮੁਕਾਬਲਿਆਂ 'ਚੋਂ ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਜੇਤੂ ਰਹੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਗੱਤਕਾ




ਅਖਾੜਾ ਡਰਬੀ ਦੀ ਟੀਮ ਉੱਪ ਜੇਤੂ ਰਹੀ। ਲੜਕਿਆਂ 'ਚੋਂ ਬਾਬਾ ਬੰਦਾ ਸਿੰਘ ਬਹਾਦਰ ਗੱਤਕਾ ਅਖਾੜਾ ਦੀ ਟੀਮ ਜੇਤੂ ਅਤੇ ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਦੀ ਟੀਮ ਉੱਪ ਜੇਤੂ ਰਹੀ। ਬੀਬੀਆਂ ਦੇ ਮੁਕਾਬਲਿਆਂ 'ਚੋਂ ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਪਹਿਲੇ ਅਤੇ ਬਾਬਾ ਫਤਹਿ ਸਿੰਘ ਗੱਤਕਾ ਅਖਾੜਾ ਗ੍ਰੇਵਜ਼ੈਂਡ ਦੂਜੇ ਸਥਾਨ 'ਤੇ ਰਹੀ। ਮਰਦਾਂ ਦੇ ਮੁਕਾਬਲੇ 'ਚੋਂ ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਦੇ ਸਿੰਘਾਂ ਨੇ ਪਹਿਲਾ ਅਤੇ ਦੂਜਾ ਇਨਾਮ ਜਿੱਤਿਆ।

ਇਸ ਮੌਕੇ ਬੋਲਦਿਆਂ ਗੱਤਕਾ ਫੈਡਰੇਸ਼ਨ ਯੂ.ਕੇ. ਦੇ ਪ੍ਰਧਾਨ ਤੇ ਤਨਮਨਜੀਤ ਸਿੰਘ ਢੇਸੀ ਐਮਪੀ ਨੇ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਲਗਾਤਾਰ ਗੱਤਕਾ ਚੈਂਪੀਅਨਸ਼ਿਪਾਂ ਕਰਵਾਈਆਂ ਜਾ ਰਹੀਆਂ ਹਨ। ਉਹਨਾਂ ਗੁਰਦੁਆਰਾ ਸਿੰਘ ਸਭਾ ਡਰਬੀ, ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਡਰਬੀ, ਨੈਸ਼ਨਲ ਸਿੱਖ ਮਿਊਜ਼ੀਅਮ ਦੇ ਸੇਵਾਦਾਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੱਤਕਾ ਕਲਾ ਅਤੇ ਸ਼ਾਸ਼ਤਰ ਵਿੱਦਿਆ ਨੂੰ ਬਰਤਾਨੀਆ ਵਿੱਚ ਹੋਰ ਪ੍ਰਫੁਲਤ ਕਰਨ ਲਈ ਅਜੇ ਬਹੁਤ ਕੁਝ ਕਰਨ ਦੀ ਲੋੜ ਹੈ ਅਤੇ ਅਸੀਂ ਇਸ ਲਈ ਯਤਨ ਕਰ ਰਹੇ ਹਾਂ।

ਇਸ ਮੌਕੇ ਯੂਕੇ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਹਰਮਨ ਸਿੰਘ ਜੌਹਲ,ਜਸਪਾਲ ਸਿੰਘ ਢੇਸੀ, ਰਾਜਿੰਦਰ ਸਿੰਘ ਪੁਰੇਵਾਲ, ਡਾ: ਰਣਜੀਤ ਸਿੰਘ ਵਿਰਕ, ਜਸਬੀਰ ਸਿੰਘ ਢਿਲੋਂ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਅਰਜਨ ਦੇਵ ਜੀ, ਸੁਖਦੇਵ ਸਿੰਘ ਅਟਵਾਲ, ਕੌਂਸਲਰ ਬਲਬੀਰ ਸਿੰਘ ਸੰਧੂ, ਦਲਜੀਤ ਸਿੰਘ ਵਿਰਕ, ਰਮਿੰਦਰ ਸਿੰਘ ਪੰਚ ਪ੍ਰਧਾਨੀ ਯੂਕੇ, ਬੌਬੀ ਜੁਟਲਾ ਸਲੋਹ, ਮਨਪ੍ਰੀਤ ਸਿੰਘ ਖਾਲਸਾ, ਬਿਕਰਮਜੀਤ ਸਿੰਘ, ਅਜੈਬ ਸਿੰਘ ਗਰਚਾ ਆਦਿ ਨੇ ਗੱਤਕਾ ਖਿਡਾਰੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ।

ਇਸ ਮੌਕੇ ਹੋਰਨਾ ਤੋਂ ਇਲਾਵਾ ਐਮਪੀ ਕੈਥਰਿਨ ਐਕਿੰਸਨ, ਐਮਪੀ ਬਾਗੀ ਸ਼ੰਕਰ, ਕੌਂਸਲਰ ਹਰਦਿਆਲ ਸਿੰਘ ਢੀਂਡਸਾ ਸਾਬਕਾ ਪੁਲਿਸ ਕਮਿਸ਼ਨਰ, ਕੌਂਸਲਰ ਹਰਜਿੰਦਰ ਸਿੰਘ ਗਹੀਰ, ਕੌਂਸਲਰ ਗੁਰਕਿਰਨ ਕੌਰ, ਉੱਘੇ ਗਾਇਕ ਨਿਰਮਲ ਸਿੱਧੂ, ਲੇਖਕ ਅਸ਼ੋਕ ਬਾਂਸਲ, ਸੋਖਾ ਢੇਸੀ, ਨਿਸ਼ਾਨ ਸਿੰਘ ਸਲੋਹ, ਤਰਨਜੀਤ ਸਿੰਘ ਢੇਸੀ ਬ੍ਰਮਿੰਘਮ, ਹਰਜਿੰਦਰ ਸਿੰਘ ਮੰਡੇਰ, ਸਰਬਜੀਤ ਸਿੰਘ, ਤਰਲੋਚਨ ਸਿੰਘ ਵਿਰਕ, ਬਲਜੀਤ ਸਿੰਘ, ਭਾਈ ਲਖਵੀਰ ਸਿੰਘ, ਮਨਪ੍ਰੀਤ ਸਿੰਘ ਬੱਧਨੀ ਕਲਾਂ, ਅਮਨਜੀਤ ਸਿੰਘ ਖਹਿਰਾ ਜਨ ਸ਼ਕਤੀ ਆਦਿ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ।



# ਉਂਜ ਰਾਜ ਤਾਂ ਭਾਰਤ ਵਿੱਚ ਕਾਨੂੰਨ ਦਾ ਹੀ ਕਿਹਾ ਜਾਂਦੈ...

ਜਤਿੰਦਰ ਪਨੂੰ ਦੀ ਕਲਮ ਤੋਂ



ਭਾਰਤ ਦੇਸ਼ ਬਾਰੇ ਅਮਰੀਕੀ ਸਰਕਾਰ ਦਾਕੋਈ ਪ੍ਰਤੀਨਿਧ ਕਦੇ ਉਲਟੀ ਟਿਪਣੀ ਕਰੇ ਜਾਂ ਕੋਈ ਸੰਸਥਾ ਏਦਾਂ ਦੀ ਰਿਪੋਰਟ ਦੇਵੇ ਕਿ ਏਥੇ ਕਾਨੂੰਨ ਦੀ ਉਲੰਘਣਾ ਹੁੰਦੀ ਹੈ ਤਾਂ ਹੋਰ ਭਾਰਤੀਆਂ ਵਾਂਗ ਮੈਨੂੰ ਵੀ ਬੁਰਾ ਲੱਗਦਾ ਹੈ ਕਿ ਆਪਣਾ ਘਰ ਸੰਭਾਲਣ ਜੋਗੇ ਨਹੀਂ ਤੇ ਸਾਡੇ ਬਾਰੇ ਟਿਪਣੀਆਂ ਕਰਦੇ ਫਿਰਦੇ ਹਨ। ਉਨ੍ਹਾਂ ਦੇ ਆਪਣੇ ਦੇਸ਼ ਦੇ ਅਨੇਕਾਂ ਨੁਕਸ ਸਾਰੇ ਲੋਕਾਂ ਨੂੰ ਪਤਾ ਹਨ ਅਤੇ ਓਥੋਂ ਦੀ ਸਰਕਾਰ ਗੰਨ-ਕਲਚਰ ਜਾਂ ਨਸਲਵਾਦ ਦੇ ਪ੍ਰਗਟਾਵਿਆਂ ਸਮੇਤ ਇਹੋ ਜਿਹੇ ਮੁੜ-ਮੁੜ ਉੱਭਰਦੇ ਸੰਕੇਤਾਂ ਸਾਹਮਣੇ ਬੇਵੱਸ ਜਾਪਦੀ ਹੈ। ਏਦਾਂ ਹੀ ਕਿਸੇ ਹੋਰ ਵਿਕਸਤ ਦੇਸ਼ ਦਾ ਕੋਈ ਪਿਆਦਾ ਟਿਪਣੀਆਂ ਕਰਦਾ ਹੈ ਤਾਂ ਸਾਨੂੰ ਬੁਰਾ ਲੱਗਦਾ ਹੈ ਅਤੇ ਏਦਾਂ ਲੱਗਣਾ ਗਲਤ ਨਹੀਂ ਹੁੰਦਾ, ਇਸ ਲਈ ਲੱਗਦਾ ਹੈ ਕਿ ਉਨ੍ਹਾਂ ਦੇ ਆਪੋ-ਆਪਣੇ ਦੇਸ਼ਾਂ ਵਿੱਚ ਵੀ ਓਸੇ ਤਰ੍ਹਾਂ ਦੇ ਛੱਤੀ ਨੁਕਸ ਦੱਸੇ ਜਾ ਸਕਦੇ ਹਨ। ਫਿਰ ਵੀ ਜਦੋਂ ਬੁੱਕਲ ਵਿੱਚ ਝਾਤੀ ਮਾਰਨ ਵਾਂਗ ਅਸੀਂ ਭਾਰਤੀ ਲੋਕ ਕਦੀ ਇਸ ਦੇਸ਼ ਦੇ ਅੰਦਰੂਨੀ ਹਾਲਾਤ ਬਾਰੇ ਦਿਲੋਂ ਸੋਚਣ ਲੱਗੀਏ ਤਾਂ ਸਾਨੂੰ ਇਸ ਗੱਲ ਬਾਰੇ ਓਹਲਾ ਨਹੀਂ ਰਹਿੰਦਾ ਕਿ ਏਥੇ ਏਨੀ ਕਿਸਮ ਦੇ ਅਪਰਾਧ ਹੁੰਦੇ ਹਨ ਕਿ ਗਿਣਨੇ ਮੁਸ਼ਕਲ ਹੋ ਜਾਂਦੇ ਹਨ। ਕਈ ਏਦਾਂ ਦੇ ਅਪਰਾਧ ਹੋਣ ਦੀਆਂ ਖਬਰਾਂ ਵੀ ਮਿਲਦੀਆਂ ਹਨ, ਜਿਨ੍ਹਾਂ ਕਾਰਨ ਆਪਣੇ ਦੇਸ਼ ਵਿੱਚ ਸੱਭਿਅਤਾ ਦਾ ਵਿਕਾਸ ਹੋਣ ਦਾ ਸ਼ੱਕ ਉੱਠ ਸਕਦਾ ਹੈ। ਸਰਕਾਰਾਂ ਕਹਿੰਦੀਆਂ ਹਨ ਕਿ ਉਹ ਕਾਨੂੰਨ ਮੁਤਾਬਕ ਹੀ ਰਾਜ ਚਲਾਉਂਦੀਆਂ ਹਨ ਅਤੇ ਕਦੇ ਕਿਸੇ ਨਾਲ ਪੱਖ-ਪਾਤ ਨਹੀਂ ਕਰਦੀਆਂ, ਪਰ ਪੱਖ-ਪਾਤ ਏਨਾ ਸਾਫ ਹੁੰਦਾ ਹੈ ਕਿ ਸੌ ਪਰਦੇ ਪਾੜ ਕੇ ਵੀ ਬਾਹਰ ਆਈ ਜਾਂਦਾ ਹੈ।


ਤਾਜ਼ਾ ਕਿੱਸਾ ਉੱਤਰ ਪ੍ਰਦੇਸ਼ ਦੇ ਇੱਕ ਪੱਤਰਕਾਰ ਨਾਲ ਸੰਬੰਧਤ ਹੈ। ਉਸ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਸੀ, ਜਿਹੜਾ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਅਤੇ ਰਾਜ ਸਰਕਾਰ ਨੂੰ ਝਾੜ ਪਾਈ ਹੈ। ਪੱਤਰਕਾਰ ਦਾ ਕਸੂਰ ਇਹ ਸੀ ਕਿ ਉਸ ਨੇ ਇੱਕ ਰਿਪੋਰਟ ਬਾਰੇ ਸੋਸ਼ਲ ਮੀਡੀਆ ਉੱਤੇ ਲਿਖਿਆ ਸੀ ਕਿ ਉੱਤਰ ਪ੍ਰਦੇਸ਼ਸਰਕਾਰ ਆਪਣੇ ਰਾਜ ਵਿੱਚ ਇੱਕ ਖਾਸ ਜਾਤ ਵੱਲ ਲਿਹਾਜੂ ਹੈ, ਜਿਸ ਦਾ ਦੂਸਰਾ ਅਰਥ ਇਹ ਕਿ ਬਾਕੀ ਜਾਤਾਂ ਬਾਰੇ ਉਹ ਆਪਣੇ ਫਰਜ਼ਾਂ ਦੀ ਪਾਲਣਾ ਪੂਰੀ ਤਰ੍ਹਾਂ ਨਹੀਂ ਕਰ ਰਹੀ ਹੋਵੇਗੀ। ਏਨੀ ਗੱਲ ਤੋਂ ਉਸ ਵਿਰੁੱਧ ਕੇਸ ਦਰਜ ਹੋ ਗਿਆ ਅਤੇ ਗ੍ਰਿਫਤਾਰੀ ਹੋਣ ਦੀ ਨੌਬਤ ਆਈ ਤਾਂ ਗੱਲ ਸੁਪਰੀਮ ਕੋਰਟ ਪਹੁੰਚ ਗਈ, ਜਿੱਥੋਂ ਅਦਾਲਤ ਨੇ ਏਦਾਂ ਦੇ ਕੇਸ ਬਣਾਉਣ ਤੋਂ ਉੱਤਰ ਪ੍ਰਦੇਸ਼ ਸਰਕਾਰ ਨੂੰ ਝਾੜਿਆ ਅਤੇ ਪੱਤਰਕਾਰ ਦੀ ਖਲਾਸੀ ਹੋ ਗਈ। ਜਿਹੜੀ ਗੱਲ ਤੋਂ ਉਸ ਦੇ ਖਿਲਾਫ ਕੇਸ ਬਣਾਇਆ ਗਿਆ, ਜੇ ਇਸ ਕਾਰਨ ਕੇਸ ਬਣਾਉਣੇ ਹੋਣ ਤਾਂ ਓਥੋਂ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਉੱਤੇ ਕਈ ਪਰਚੇ ਦਰਜ ਕੀਤੇ ਜਾ ਸਕਦੇ ਹਨ, ਜਿਸ ਨੇ ਕਈ ਵਾਰੀ ਆਪਣੇ ਤੋਂ ਪਹਿਲੀਆਂ ਸਰਕਾਰਾਂ ਉੱਤੇ ਐਨ ਏਸੇ ਤਰ੍ਹਾਂ ਦੇ ਦੋਸ਼ ਕਈ ਵਾਰ ਲਾਏ ਸਨ। ਬੀਬੀ ਮਾਇਆਵਤੀ ਤਿਲਕ, ਤਰਾਜ਼ੂ ਔਰ ਤਲਵਾਰ ਵਾਲੇ ਨਾਅਰੇ ਨਾਲ ਹਿੰਦੂ ਧਰਮ ਸਮੁੱਚੇ ਬਾਰੇ ਬਹੁਤ ਕੁਝ ਜਨਤਕ ਤੌਰ ਉੱਤੇ ਕਹਿੰਦੀ ਰਹੀ, ਓਦੋਂ ਕਦੀ ਕੋਈ ਕੇਸ ਨਹੀਂ ਸੀ ਬਣਿਆ। ਭਾਰਤ ਵਿੱਚ ਕਿਸੇ ਵੀ ਰਾਜ ਦੀ ਰਾਜਨੀਤੀ ਵਿੱਚ ਜਾਤਾਂ ਨੂੰ ਮੁੱਦਾ ਬਣਾਇਆ ਜਾਣਾ ਆਮ ਵਰਤਾਰਾ ਹੈ ਅਤੇ ਜਦੋਂ ਨਿਤੀਸ਼ ਕੁਮਾਰ ਨੇ ਆਪਣੇ ਬਿਹਾਰ ਵਿੱਚ ਜਾਤਾਂ ਬਾਰੇ ਜਨ-ਗਣਨਾ ਦਾ ਕੰਮ ਸ਼ੁਰੂ ਕਰਾਇਆ ਸੀ, ਇਹ ਦੋਸ਼ ਉਸ ਉੱਤੇ ਵੀ ਲੱਗਦਾ ਰਿਹਾ ਸੀ, ਪਰ ਉਸ ਵਿਰੁੱਧ ਕੋਈ ਕੇਸ ਦਰਜ ਨਹੀਂ ਸੀ ਕੀਤਾ ਗਿਆ। ਪੱਤਰਕਾਰ ਦੇ ਖਿਲਾਫ ਕੇਸ ਦਰਜ ਕਰਨ ਦਾ ਭਾਵ ਸਿਰਫ ਉਸ ਇਕੱਲੇ ਦੇ ਖਿਲਾਫ ਕੇਸ ਦਰਜ ਕਰਨਾ ਨਹੀਂ, ਸਮੁੱਚੇ ਪੱਤਰਕਾਰੀ ਭਾਈਚਾਰੇ ਨੂੰ ਦਬਕਾਉਣ ਦੀ ਕੋਸ਼ਿਸ਼ ਹੈ ਕਿ ਜਿਸ ਨੇ ਵੀ ਇਸ ਰਾਜ ਦੀ ਸਰਕਾਰ ਦੇ ਖਿਲਾਫ ਕੋਈ ਰਿਪੋਰਟ ਛਾਪੀ, ਉਸ ਨਾਲ ਇਹੋ ਕੁਝ ਹੋ ਸਕਦਾ ਹੈ। ਫਿਰ ਕਾਨੂੰਨ ਦਾ ਰਾਜ ਕਿੱਥੇ ਹੈ!

ਦੂਸਰਾ ਮਾਮਲਾ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵੱਲੋਂ ਤਿਰੂਪਤੀ ਬਾਲਾ ਜੀ ਦੇ ਪ੍ਰਸਿੱਧ ਮੰਦਰ ਵਿੱਚ ਮਿਲਣ ਵਾਲੇ ਪ੍ਰਸ਼ਾਦ ਬਾਰੇ ਬਿਆਨ ਦਾ ਹੈ। ਚੰਦਰ ਬਾਬੂ ਨਾਇਡੂ ਕੋਈ ਨਵਾਂ ਉੱਭਰਿਆ ਨੇਤਾ ਨਹੀਂ, ਪਹਿਲਾਂ ਤਿੰਨ ਵਾਰੀ ਕੁਲ ਮਿਲਾ ਕੇ ਪੰਦਰਾਂ ਸਾਲ ਰਾਜ ਕਰ ਚੁੱਕਾ ਹੈ ਤੇ ਇਸ ਵੇਲੇ ਚੌਥੀ ਵਾਰ ਰਾਜ ਚਲਾ ਰਿਹਾ ਹੈ। ਇੱਕ ਦਿਨ ਅਚਾਨਕ ਉਸ ਨੇ ਕਹਿ ਦਿੱਤਾ ਕਿ ਤਿਰੂਪਤੀ ਮੰਦਰ ਵਿੱਚ ਚੜ੍ਹਾਏ ਜਾਂਦੇ ਪ੍ਰਸ਼ਾਦ ਵਿੱਚ ਗਾਂ ਦੀ ਚਰਬੀ ਅਤੇ ਹੋਰ ਕਈ ਕੁਝ ਪਾਇਆ ਜਾਣ ਦੀਆਂ ਰਿਪੋਰਟਾਂ ਹਨ ਅਤੇ ਇਹ ਸਭ ਉਸ ਸਪਲਾਇਰ ਦੇ ਕਾਰਨ ਹੋ ਰਿਹਾ ਹੈ, ਜਿਸ ਨੂੰ ਉਸ ਦੇ ਵਿਰੋਧੀ ਆਗੂ ਦੀ ਸਰਕਾਰ ਨੇ ਇਹ ਕੰਮ ਸੌਂਪਿਆ ਸੀ। ਸਾਰੇ ਪਾਸੇ ਦੁਹਾਈ ਮੱਚਣ ਪਿੱਛੋਂ ਮਾਮਲਾ ਸੁਪਰੀਮ ਕੋਰਟ ਪਹੁੰਚ ਗਿਆ ਤਾਂ ਜੱਜਾਂ ਨੇ ਪੁੱਛਿਆ ਕਿ ਇਸ ਪ੍ਰਸ਼ਾਦ ਦੀ ਜਾਂਚ ਕਿਸੇ ਲੈਬਾਰਟਰੀ ਤੋਂ ਕਰਾਈ ਕਿ ਨਹੀਂ ਤਾਂ ਪਤਾ ਲੱਗਾ ਕਿ ਅਜੇ ਕਰਾਉਣੀ ਹੈ। ਅਦਾਲਤ ਨੇ ਕੌੜ ਨਾਲ ਆਖਿਆ ਕਿ ਜਦੋਂ ਅਜੇ ਕੋਈ ਜਾਂਚ ਹੀ ਨਹੀਂ ਕਰਵਾਈ ਤਾਂ ਏਦਾਂ ਆਖ ਕੇ ਸਨਸਨੀ ਕਿਉਂ ਫੈਲਾਈ ਗਈ ਤਾਂ ਰਾਜ ਦੀ ਸਰਕਾਰ ਜਾਂਚ ਕਰਵਾਉਣ ਲੱਗ ਪਈ, ਪਰ ਉਸ ਨੂੰ ਸੁਪਰੀਮ ਕੋਰਟ ਨੇ ਇਸ ਕੰਮ ਤੋਂ ਰੋਕ ਕੇ ਜਾਂਚ ਦਾ ਕੰਮ ਆਪਣੀ ਬਣਾਈ ਪੰਜ ਮੈਂਬਰੀ ਟੀਮ ਨੂੰ ਦੇ ਦਿੱਤਾ। ਇਹੋ ਕੁਝ ਕਿਸੇ ਆਮ ਆਦਮੀ ਨੇ ਕੀਤਾ ਹੁੰਦਾ ਤਾਂ ਭਾਵਨਾਵਾਂ ਨੂੰ ਠੇਸ ਲਾਉਣ ਦੇ ਮੁਕੱਦਮੇ ਅੱਗੜ-ਪਿੱਛੜ ਕਈ ਦਰਜ ਹੋ ਜਾਣੇ ਸਨ, ਪਰ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਵਿਰੁੱਧ ਕਿਸੇ ਨੇ ਕੋਈ ਕੇਸ ਦਰਜ ਨਹੀਂ ਕਰਾਇਆ। ਫਿਰ ਵੀ ਕਿਹਾ ਜਾਂਦਾ ਹੈ ਕਿ ਕਾਨੂੰਨ ਸਾਰਿਆਂ ਲਈ ਬਰਾਬਰ ਹੈ।

ਭਾਰਤ ਦੀ ਸਰਕਾਰ ਚਲਾ ਰਹੀ ਧਿਰ ਬੀਤੇ ਸਮੇਂ ਵਿੱਚ ਵਿਰੋਧੀ ਆਗੂਆਂ ਦੇ ਖਿਲਾਫ ਕੇਸ ਦਰਜ ਕਰਵਾ ਕੇ ਜੇਲ੍ਹਾਂ ਵਿੱਚ ਸੁੱਟਦੀ ਰਹੀ ਅਤੇ ਉਨ੍ਹਾਂ ਉੱਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਉਂਦੀ ਰਹੀ। ਚੋਣ ਫੰਡ ਲੈਣ ਲਈ ਇਲੈਕਟੋਰਲ ਬਾਂਡ ਦਾ ਖੁਲਾਸਾ ਜਦੋਂ ਸੁਪਰੀਮ ਕੋਰਟ ਵਿੱਚ ਹੋਇਆ ਤਾਂ ਦੇਸ਼ ਨੂੰ ਪਤਾ ਲੱਗਾ ਕਿ ਕੇਂਦਰੀ ਏਜੰਸੀਆਂ ਕਿਸੇ ਵਿਰੋਧੀ ਆਗੂ ਉੱਤੇ ਕੋਈ ਕੇਸ ਬਣਾਉਣ ਲਈ ਕਿਸੇ ਵਿਅਕਤੀ ਨੂੰ ਨਿਸ਼ਾਨਾ ਬਣਾਉਂਦੀਆਂ ਸਨ ਤੇ ਜਦੋਂ ਉਹ ਏਜੰਸੀ ਦੀ ਮਰਜ਼ੀ ਮੁਤਾਬਕ ਉਸ ਆਗੂ ਖਿਲਾਫ ਬਿਆਨ ਦੇਣ ਲਈ ਮੰਨ ਜਾਂਦਾ ਤਾਂ ਉਸ ਦੀ ਜ਼ਮਾਨਤ ਹੋ ਜਾਂਦੀ ਸੀ। ਇਹੋ ਨਹੀਂ, ਕੇਂਦਰੀ ਏਜੰਸੀਆਂ ਉਸ ਨੂੰ ਛੱਡਣ ਤੋਂ ਪਹਿਲਾਂ ਉਸ ਕੋਲੋਂ ਕੇਂਦਰ ਵਿੱਚ ਰਾਜ ਕਰਦੀ ਪਾਰਟੀ ਲਈ ਕਰੋੜਾਂ ਰੁਪਏ ਦੇ ਫੰਡ ਵੀ ਇਲੈਕਟੋਰਲ ਬਾਂਡ ਰਾਹੀਂ ਟਰਾਂਸਫਰ ਕਰਵਾ ਲੈਂਦੀਆਂ ਸਨ। ਇਹ ਇੱਕ ਤਰ੍ਹਾਂ ਉਸ ਵਿਅਕਤੀ ਨੂੰ ਕਾਨੂੰਨੀ ਕਾਰਵਾਈ ਕਰਨ ਦੇ ਓਹਲੇ ਹੇਠ ਅਗਵਾ ਕਰ ਕੇ ਉਸ ਤੋਂ ਰਾਜ ਕਰਦੀ ਪਾਰਟੀ ਲਈ ਫਿਰੌਤੀ ਉਗਰਾਹੁਣ ਦਾ ਅਪਰਾਧ ਸੀ, ਜਿਸ ਵਾਸਤੇ ਇਹ ਕੰਮ ਕਰਨ ਵਾਲੇ ਅਧਿਕਾਰੀਆਂ ਖਿਲਾਫ ਕਾਰਵਾਈ ਕਰਨੀ ਬਣਦੀ ਸੀ, ਪਰ ਕੀਤੀ ਨਹੀਂ ਗਈ। ਫਿਰ ਕਰਨਾਟਕ ਵਿੱਚ ਇਹ ਕਾਰਵਾਈ ਚੱਲ ਪਈ, ਜਦੋਂ ਓਥੇ ਕੁਝ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਜਾਂਚ ਦੇ ਨਾਂਅ ਉੱਤੇ ਹਿਰਾਸਤ ਵਿੱਚ ਲੈ ਕੇ ਉਨ੍ਹਾਂ ਤੋਂ ਕੇਂਦਰ ਵਿੱਚ ਰਾਜ ਕਰਦੀ ਪਾਰਟੀ ਲਈ ਏਦਾਂ ਦੇ ਫੰਡ ਟਰਾਂਸਫਰ ਕਰਾਏ ਗਏ ਹਨ ਤੇ ਇਸ ਅਪਰਾਧ ਦੀ ਸ਼ਿਕਾਇਤ ਵਿੱਚ ਭਾਰਤ ਦੀ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦਾ ਨਾਂਅ ਵੀ ਜੁੜ ਗਿਆ। ਬੀਬੀ ਨੇ ਉਤਲੀ ਅਦਾਲਤ ਤੋਂ ਕਾਰਵਾਈ ਉੱਤੇ ਹਾਲ ਦੀ ਘੜੀ ਰੋਕ ਲਵਾ ਲਈ ਹੈ, ਪਰ ਇਹੋ ਕੰਮ ਕਿਸੇ ਵਿਰੋਧੀ ਧਿਰ ਦੀ ਸਰਕਾਰ ਦੀ ਕਿਸੇ ਏਜੰਸੀ ਨੇ ਕੀਤਾ ਹੁੰਦਾ ਅਤੇ ਉਸ ਰਾਜ ਦੇ ਮੁੱਖ ਮੰਤਰੀ ਖਿਲਾਫ ਕੇਸ ਬਣਿਆ ਹੁੰਦਾ ਤਾਂ ਕੇਂਦਰੀ ਵਕੀਲਾਂ ਨੇ ਉਸ ਦੀ ਸੌਖੀ ਤਰ੍ਹਾਂ ਜ਼ਮਾਨਤ ਵੀ ਨਹੀਂ ਸੀ ਹੋਣ ਦੇਣੀ ਅਤੇ ਕਈ ਮਹੀਨਿਆਂ ਤੱਕ ਜੇਲ੍ਹ ਵਿੱਚ ਬੰਦ ਰੱਖਣ ਲਈ ਜ਼ੋਰ ਲਾਉਣਾ ਸੀ। ਏਦਾਂ ਦੀ ਹਾਲਤ ਵਿੱਚ ਵੀ ਸਾਨੂੰ ਇਹ ਦੱਸਿਆ ਜਾਂਦਾ ਹੈ ਕਿ ਦੇਸ਼ ਵਿੱਚ ਕਾਨੂੰਨ ਦਾ ਰਾਜ ਸਭ ਲਈ ਇੱਕੋ ਜਿਹਾ ਹੈ!

ਬੁਲਡੋਜ਼ਰ ਨਾਲ ਕਾਰਵਾਈ ਕਰ ਕੇ ਲੋਕਾਂ ਨੂੰ ਇਹ ਦੱਸਣ ਦਾ ਯਤਨ ਕਰਨਾ ਕਿ ਅਪਰਾਧੀ ਤੱਤਾਂ ਖਿਲਾਫ ਸਖਤੀ ਕੀਤੀ ਜਾ ਰਹੀ ਹੈ, ਇਹ ਵਰਤਾਰਾ ਉੱਤਰ ਪ੍ਰਦੇਸ਼ ਵਿੱਚ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਰਾਜ ਵਿੱਚ ਸ਼ੁਰੂ ਕੀਤਾ ਗਿਆ ਅਤੇ ਫਿਰ ਦੂਸਰੇ ਰਾਜਾਂ ਤੱਕ ਗਿਆ ਹੈ। ਬਹੁਤ ਸਾਰੇ ਲੋਕ ਇਸ ਉੱਤੇ ਇਤਰਾਜ਼ ਕਰਦੇ ਰਹੇ, ਪਰ ਪ੍ਰਵਾਹ ਕੋਈ ਨਹੀਂ ਸੀ ਕਰਦਾ। ਫਿਰ ਇਹ ਕੇਸ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਵਿੱਚ ਪਹੁੰਚ ਗਿਆ ਤੇ ਜੱਜ ਸਾਹਿਬਾਨ ਨੇ ਪਹਿਲੀ ਸੁਣਵਾਈ ਦੌਰਾਨ ਹੀ ਕਹਿ ਦਿੱਤਾ ਕਿ ਕੋਈ ਬੰਦਾ ਅਪਰਾਧੀ ਵੀ ਹੋਵੇ ਤਾਂ ਉਸ ਦਾ ਘਰ ਇਸ ਤਰ੍ਹਾਂ ਨਹੀਂ ਢਾਹਿਆ ਜਾ ਸਕਦਾ, ਇਸ ਦੀ ਕਾਨੂੰਨੀ ਪ੍ਰਕਿਰਿਆ ਅਪਣਾਈ ਜਾਣੀ ਬਣਦੀ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਕਿਸੇ ਦਾ ਘਰ ਢਾਹੁਣ ਲੱਗਿਆਂ ਇਹ ਵੇਖਣਾ ਪਵੇਗਾ ਕਿ ਉਸ ਘਰ ਦੀ ਮਾਲਕੀ ਕਿਸ ਦੇ ਨਾਂਅ ਹੈ ਤੇ ਜੇ ਉਸ ਅਪਰਾਧੀ ਦੇ ਨਾਂਅ ਉੱਤੇ ਉਹ ਬਿਲਡਿੰਗ ਨਹੀਂ ਤਾਂ ਫਿਰ ਉਹ ਢਾਹੀ ਨਹੀਂ ਜਾ ਸਕਦੀ ਅਤੇ ਉਸ ਦੇ ਨਾਂਅ ਉੱਤੇ ਵੀ ਹੋਈ ਤਾਂ ਵੇਖਣਾ ਪਵੇਗਾ ਕਿ ਇਹ ਘਰ ਅਪਰਾਧ ਦੀ ਕਮਾਈ ਨਾਲ ਬਣਾਇਆ ਜਾਂ ਪਹਿਲਾਂ ਬਣਿਆ ਪਿਆ ਸੀ! ਉਸ ਪਹਿਲੀ ਸੁਣਵਾਈ ਦੇ ਦੌਰਾਨ ਹੀ ਸੁਪਰੀਮ ਕੋਰਟ ਨੇ ਇਹ ਗੱਲ ਕਹਿ ਦਿੱਤੀ ਸੀ ਕਿ ਅੱਗੇ ਤੋਂ ਕਿਸੇ ਥਾਂ ਬੁਲਡੋਜ਼ਰ ਓਨੀ ਦੇਰ ਤੱਕ ਨਹੀਂ ਫੇਰਿਆ ਜਾਣਾ ਚਾਹੀਦਾ, ਜਦੋਂ ਤੱਕ ਇਸ ਕੇਸ ਬਾਰੇ ਸੁਪਰੀਮ ਕੋਰਟ ਫੈਸਲਾ ਨਹੀਂ ਦੇ ਦੇਂਦੀ। ਇਸ ਦੇ ਬਾਵਜੂਦ ਰਿਪੋਰਟਾਂ ਆ ਗਈਆਂ ਕਿ ਆਸਾਮ ਦੀ ਭਾਜਪਾ ਸਰਕਾਰ ਦੇ ਇਸ਼ਾਰੇ ਉੱਤੇ ਇਹ ਕਰਵਾਈ ਅਜੇ ਵੀ ਹੁੰਦੀ ਪਈ ਹੈ ਤਾਂ ਸੁਪਰੀਮ ਕੋਰਟ ਨੇ ਫਿਰ ਦੁਹਰਾਇਆ ਕਿ ਏਦਾਂ ਕਰਨ ਦੀ ਆਗਿਆ ਨਹੀਂ। ਕਾਰਵਾਈਆਂ ਦੀਆਂ ਰਿਪੋਰਟਾਂ ਅਜੇ ਤੱਕ ਮਿਲਦੀਆਂ ਹਨ, ਪਰ ਇਸ ਤਰ੍ਹਾਂ ਸਭ ਤੋਂ ਵੱਡੀ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਦਾ ਕੇਸ ਕਿਤੇ ਦਰਜ ਨਹੀਂ ਹੁੰਦਾ। ਭਾਰਤ ਦੇ ਕਿਸੇ ਆਮ ਨਾਗਰਿਕ ਤੋਂ ਕਿਸੇ ਛੋਟੀ ਤੋਂ ਛੋਟੀ ਅਦਾਲਤ ਦੀ ਅਵੱਗਿਆ ਉੱਤੇ ਕੇਸ ਦਰਜ ਕੀਤਾ ਜਾ ਸਕਦਾ ਹੈ, ਪਰ ਮੁੱਖ ਮੰਤਰੀ ਜਾਂ ਅਧਿਕਾਰੀਆਂ ਨੂੰ ਕੋਈ ਡਰ ਹੀ ਨਹੀਂ। ਫਿਰ ਵੀ ਕਹਿੰਦੇ ਹਨ ਕਿ ਕਾਨੂੰਨ ਸਭ ਲਈ ਬਰਾਬਰ ਹੈ।

ਉਰਦੂ ਦਾ ਅਖਾਣ ਹੈ ਕਿ 'ਮਰਜ਼ ਬੜਤਾ ਗਿਆ, ਜੂੰ ਜੂੰ ਦਵਾ ਕੀ', ਭਾਵ ਇਹ ਕਿ ਜਿਉਂ ਜਿਉਂ ਇਲਾਜ ਕਰਦੇ ਗਏ, ਬਿਮਾਰੀ ਹੋਰ ਤੋਂ ਹੋਰ ਵਧਦੀ ਗਈ। ਭਾਰਤ ਵਿੱਚ ਕਾਨੂੰਨ ਲਾਗੂ ਕਰਨ ਦੇ ਮਾਮਲੇ ਵਿੱਚ ਇਹੋ ਕੁਝ ਹੁੰਦਾ ਤੇ ਆਮ ਲੋਕ ਭੁਗਤਦੇ ਰਹਿੰਦੇ ਹਨ, ਪਰ ਜਿਹੜੇ ਲੋਕ ਕਹਿੰਦੇ ਹਨ ਕਿ ਕਾਨੂੰਨ ਸਾਰਿਆਂ ਲਈ ਬਰਾਬਰ ਹੈ, ਉਨ੍ਹਾਂ ਵਾਸਤੇ ਇਸ ਤਰ੍ਹਾਂ ਦੀ ਉਲੰਘਣਾ ਦੀਆਂ ਰਿਪੋਰਟਾਂ ਕੋਈ ਅਰਥ ਨਹੀਂ ਰੱਖਦੀਆਂ। ਇਹ ਤਾਂ ਵੇਖਿਆ ਨਹੀਂ ਜਾਂਦਾ ਕਿ ਕਿੱਥੇ ਕਿੱਦਾਂ ਦੀ ਉਲੰਘਣਾ ਹੋਈ ਹੈ, ਸਗੋਂ ਇਹ ਵੇਖਿਆ ਜਾਂਦਾ ਹੈ ਕਿ ਉਲੰਘਣਾ ਕਰਨ ਵਾਲਾ ਕਿੰਨੀ ਹੈਸੀਅਤ ਵਾਲਾ ਹੈ ਅਤੇ ਜੇ ਉਸ ਦੀ ਹੈਸੀਅਤ ਸਾਹਮਣੇ ਬਾਕੀ ਲੋਕ ਬੌਣੇ ਜਿਹੇ ਜਾਪਦੇ ਹਨ ਤਾਂ ਪੰਜਾਬੀ ਮੁਹਾਵਰੇ ਵਾਂਗ ਉਸ ਲਈ 'ਸੱਤ ਖੂਨ ਮਾਫ' ਹਨ ਤੇ ਕਾਨੂੰਨ ਦਾ ਮੂੰਹ ਚਿੜਾ ਕੇ ਉਹ ਮਨ-ਮਰਜ਼ੀ ਕਰਦਾ ਰਹਿ ਸਕਦਾ ਹੈ। ਹਿੰਦੂ ਧਾਰਮਿਕਤਾ ਵਿੱਚ ਤੁਲਸੀ ਦਾਸ ਦੇ ਇਸ ਦੋਹੇ ਬਾਰੇ ਸਭ ਲੋਕ ਜਾਣਦੇ ਕਿ 'ਸਮਰੱਥ ਕੋ ਨਹੀਂ ਦੋਸ ਗੁਸਾਈਂ', ਜਿਸ ਦਾ ਅਰਥ ਹੈ ਕਿ ਸਮਰੱਥਾਵਾਨ ਵਿਅਕਤੀ, ਜਿਸ ਕੋਲ ਨਾ ਸਿਰਫ ਪੈਸਾ ਹੁੰਦਾ ਹੈ, ਸਗੋਂ ਵੱਡੀ ਪਹੁੰਚ ਕਰਨ ਦੀ ਸਮਰੱਥਾ ਵੀ ਹੁੰਦੀ ਹੈ, ਉਸ ਦਾ ਪਾਪ ਵੀ ਪਾਪ ਨਹੀਂ ਗਿਣਿਆ ਜਾਂਦਾ ਅਤੇ ਕਾਨੂੰਨ ਉਸ ਦੇ ਸਾਹਮਣੇ ਮੋਮ ਵਾਂਗ ਪਿਘਲ ਜਾਂਦਾ ਹੈ। ਕਾਨੂੰਨ ਭਾਰਤ ਵਿੱਚ ਸਖਤ ਵੀ ਬਹੁਤ ਹੈ, ਨਰਮ ਵੀ, ਪਰ ਸਖਤ ਇਹ ਆਮ ਨਾਗਰਿਕਾਂ ਖਿਲਾਫ ਵਰਤਣ ਲਈ ਹੁੰਦਾ ਹੈ, ਸਮਰੱਥਾਵਾਨ ਲੋਕਾਂ ਵਾਸਤੇ ਇਹ ਅਸਲੋਂ ਨਰਮ ਜਿਹਾ ਹੋ ਜਾਂਦਾ ਹੈ। ਇਸ ਦੇ ਬਾਵਜੂਦ ਕਹਿੰਦੇ ਹਨ ਕਿ ਏਥੇ ਕਾਨੂੰਨ ਦਾ ਰਾਜ ਹੈ!



PURBA APPRAISALS INC.

WE PROVIDE RESIDENTIAL REAL ESTATE APPRAISAL SERVICES FOR:



- Mortgage Financing
- Tax/Capital Gain
- Divorce/Separation of Assets
- Litigation Support
- Pre-listing Appraisals

Gurpreet Purba 416-669-1423
Broker, CRA www.purbahomes.com

The Mortgage Centre
We work for you, not the lenders.




Debt Consolidation | Renovations & Repairs | Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services

Urgently Need New Listings in Brampton/Caledon
visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com

CALL JAG FOR A QUICK & FREE HOME EVALUATION
www BramptonTopRealtor.com www BramptonTopAgent.com

URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA

LISTED IN *BRAMPTON*
TORBRAM/ FATHER TOBIN/MOUNTAINASH





1500–2000 sq.ft.
Front Brick and Stone
3+1 ਬੈਡਰੂਮ + 3 ਵਾਸ਼ਰੂਮ, ਫਰੀਹੋਲਡ ਟਾਊਨ ਹਾਊਸ, ਓਕ ਸਟੇਅਰਕੇਸ, ਹਾਰਡਵੁੱਡ ਅਤੇ ਸੀਰਾਮਿਕ ਫਲੋਰ, ਸ਼ਾਨਦਾਰ ਕਿਚਨ ਮਾਸਟਰ ਬੈਡਰੂਮ ਵਿਚ 5 ਪੀਸ ਇਨਸੂਇਟ ਅਤੇ ਵਾਕ ਇਨ ਕਲੋਜ਼ਿਟ, ਨਿਊਂ ਅਪਲਾਂਇਸਿਸ

LISTED IN *BRAMPTON*
BRAMALEA/ SANDALWOOD/DEWSIDE




2000–2500 sq.ft. ਟਾਊਨ ਹਾਊਸ
4+1 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Partially ਫਿਨੀਸ਼ਡ ਬੇਸਮੇਂਟ ਵਿੱਚ ਵਾਇਨਲ ਫਲੋਰ।
Master ਬੈਡਰੂਮ ਵਿੱਚ 5 ਪੀਸ ਇਨਸੂਇਟ ਅਤੇ His & Her ਕਲੋਜ਼ਿਟ, Laundary ਮੇਨ ਫਲੋਰ ਤੇ। ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

LISTED IN *MISSISSAUGA*
BURNHAMTHORPE/CONFEDERATION




900–999 sq.ft. ਲੇਕ ਵਿਊ
2 ਬੈਡਰੂਮ + 1 ਵਾਸ਼ਰੂਮ
ਵੱਡੀਆਂ ਕੀਚਨ ਕੈਬਨਿਟ, ਨਵਾਂ ਪੈਂਟ, ਨਵੇਂ ਲੈਂਮੀਨੇਟ ਫਲੋਰ, ਬਹੁਤ ਖੁਲੀ ਬਾਲਕੋਨੀ, 2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ–
Square One + Celebration Square, Grand Park Plaza, Sheridan College Campus.

LISTED IN *CAMBRIDGE*
SPEEDSVILLE RD/ EQUESTRAIN WAY/MAPLE GROVE




1500–2000 sq.ft. ਟਾਊਨ ਹਾਊਸ
4 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Upgraded ਕੀਚਨ,
Stainless Steel Appliacnes
ਬੈਡਰੂਮ ਵਿੱਚ 4 ਪੀਸ ਇਨਸੂਇਟ ਅਤੇ Walk-in ਕਲੋਜ਼ਿਟ, Laundary ਮੇਨ ਫਲੋਰ ਤੇ। ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

FREE

- ✓ Full MLS Services
- ✓ Consistently Marketing Your Property Until SOLD
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold
- ✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)* *Some Conditions Apply.

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022